ਗਿਆਨ ਰਤਨਿ ਸਭ ਸੋਝੀ ਹੋਇ॥
ਪੰਜਾਬੀ ਐਜੂਕੇਸ਼ਨਲ ਸੁਸਾਇਟੀ (ਰਜਿ:)

# ਮਾਈ ਭਾਗੋ ਗਰੁੱਪ ਆਫ਼ ਇੰਸਟੀਚਿਊਟਸ

(ਸਬੰਧਿਤ : ਪੰਜਾਬੀ ਯੂਨੀਵਰਸਿਟੀ, ਪਟਿਆਲਾ) (ਕੋ-ਐਜੂਕੇਸ਼ਨ)

## ਮਾਨਸਾ-ਬਰਨਾਲਾ ਰੋਡ, ਰੱਲਾ (ਮਾਨਸਾ)



# ਸੂਚਨਾ ਪੁਸਤਕ

# 2025-26

College : 97158-00006, 98155-80411 School : 97159-00006, 99141-64164
e-mail : mbceralla@gmail.com | website : www.mbdcralla.in

# ਮਾਈ ਭਾਗੋ ਜੀ ਬਾਰੇ ਸੰਖੇਪ ਇਤਿਹਾਸ



ਪੁਰਾਣੇ ਸਮੇਂ ਤੋਂ ਲੈ ਕੇ ਹੁਣ ਤੱਕ ਔਰਤ ਦਾ ਸਮਾਜ ਦੇ ਹਰ ਖੇਤਰ ਵਿੱਚ ਮਹੱਤਵਪੂਰਨ ਯੋਗਦਾਨ ਰਿਹਾ ਹੈ। ਔਰਤ ਨੇ ਕਰਤੱਵਾਂ ਦੀ ਪਾਲਣਾ ਕਰਦੇ ਹੋਏ ਸਮਾਜ ਵਿੱਚ ਆਪਣੀ ਅਮਿੱਟ ਛਾਪ ਬਣਾਈ ਹੈ। ਔਰਤ ਨੇ ਕਦੇ ਅਗਵਾਈ ਦੇ ਰੂਪ ਵਿੱਚ, ਕਦੇ ਮੂਕ ਦਰਸ਼ਕ ਦੇ ਰੂਪ ਵਿੱਚ ਇੰਨੀ ਕਰੁਣਾਮਈ ਹੂਕ ਕੱਢੀ ਹੈ ਕਿ ਦੀਵਾਰਾਂ ਤੱਕ ਕੰਬ ਜਾਂਦੀਆਂ ਹਨ।ਔਰਤ ਜਦੋਂ ਵੰਗਾਰ ਪਾਉਂਦੀ ਹੈ ਤਾਂ ਕਾਇਰ ਲੋਕ ਵੀ ਹੱਥ ਵਿੱਚ ਖੰਡਾ ਫੜ ਕੇ ਮੈਦਾਨ ਵਿੱਚ ਕੁੱਦ ਪੈਂਦੇ ਹਨ। ਜੇਕਰ ਅਸੀਂ ਇਤਿਹਾਸ ਵੱਲ ਝਾਤ ਮਾਰੀਏ ਤਾਂ ਸਮੁੱਚੀ ਕਾਇਨਾਤ ਵਿੱਚੋ ਇੱਕ ਅਜਿਹੀ ਸਖ਼ਸ਼ੀਅਤ ਉੱਭਰ ਕੇ ਸਾਹਮਣੇ ਆਉਂਦੀ ਹੈ ਜਿਸ ਦਾ ਨਾਂ 'ਸਿੱਖ ਇਤਿਹਾਸ' ਵਿੱਚ ਸੁਨਹਿਰੀ ਅੱਖਰਾਂ ਵਿੱਚ ਲਿਖਿਆ ਗਿਆ ਹੈ।ਉਹ ਨਾਂ ਹੈ 'ਮਾਈ ਭਾਗੋ ਜੀ'।ਮਾਈ ਭਾਗੋ ਜੀ ਦਾ ਜਨਮ ਪਿੰਡ ਝਬਾਲ ਜ਼ਿਲ੍ਹਾ ਅੰਮ੍ਰਿਤਸਰ ਵਿੱਚ ਹੋਇਆ।ਉਹਨਾਂ ਦੇ ਬਚਪਨ ਦਾ ਨਾਮ 'ਭਾਗਭਰੀ' ਸੀ।ਉਹ ਮਾਧੋ ਸ਼ਾਹ ਦੀ ਪੁੱਤਰੀ ਤੇ ਪੈਰੋ ਸ਼ਾਹ ਦੀ ਪੋਤਰੀ ਸੀ।ਮਾਈ ਭਾਗੋ ਜੀ ਨੂੰ ਬਚਪਨ ਤੋਂ ਹੀ ਸ਼ਾਸਤਰਾਂ ਦਾ ਅਭਿਆਸ ਕਰਨ ਦਾ ਬਹੁਤ ਸ਼ੌਂਕ ਸੀ।ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ 1699ਈ. ਵਿੱਚ ਖਾਲਸਾ ਪੰਥ ਦੀ ਸਾਜਨਾ ਕੀਤੀ ਸੀ ਤਾਂ ਗੁਰੂ ਜੀ ਨੇ 'ਭਾਗਭਰੀ' ਨੂੰ ਉਸਦੇ ਪਤੀ ਸਮੇਤ ਅੰਮ੍ਰਿਤਪਾਨ ਕਰਵਾ ਕੇ ਆਪ ਜੀ ਦਾ ਨਾਮ 'ਭਾਗ ਕੌਰ' ਰੱਖ ਦਿੱਤਾ।

ਜਦੋਂ ਅਨੰਦਪੁਰ ਸਾਹਿਬ ਦੀ ਲੜਾਈ ਚੱਲ ਰਹੀ ਸੀ ਤਾਂ ਮੁਗਲ ਫ਼ੌਜਾਂ ਨੇ ਅਨੰਦਪੁਰ ਸਾਹਿਬ ਦੇ ਕਿਲ੍ਹੇ ਨੂੰ ਚਾਰੇ ਪਾਸੇ ਤੋਂ ਘੇਰ ਲਿਆ।ਇਸ ਵਕਤ ਗੁਰੂ ਗੋਬਿੰਦ ਸਿੰਘ ਜੀ ਅਤੇ ਸਿੱਖ ਫ਼ੌਜਾਂ ਕਿਲ੍ਹੇ ਦੇ ਅੰਦਰ ਸਨ।ਇਸ ਮੌਕੇ ਮੁਗਲ ਫ਼ੌਜਾਂ ਨੇ ਕਿਲ੍ਹੇ ਅੰਦਰ ਰਾਸ਼ਨ ਪਾਣੀ ਜਾਣਾ ਬੰਦ ਕਰ ਦਿੱਤਾ।ਰਾਸ਼ਨ ਦੀ ਘਾਟ ਕਾਰਨ ਸਿੱਖਾਂ ਦੀ ਹਾਲਤ ਵਿਗੜ ਰਹੀ ਸੀ।ਸਿੱਖਾਂ ਨੇ ਗੁਰੂ ਜੀ ਨੂੰ ਕਿਲ੍ਹਾ ਛੱਡਣ ਲਈ ਕਿਹਾ ਪਰ ਗੁਰੂ ਜੀ ਨਾ ਮੰਨੇ।ਉਸ ਵੇਲੇ ਮਾਝੇ ਦੇ ਕੁੱਝ ਸਿੱਖ ਗੁਰੂ ਜੀ ਨਾਲ ਗੁੱਸੇ ਹੋ ਕੇ 'ਬੇਦਾਵਾ' ਲਿਖ ਕੇ ਗੁਰੂ ਜੀ ਦਾ ਸਾਥ ਛੱਡ ਕੇ ਘਰ ਵਾਪਸ ਚਲੇ ਗਏ।ਮੁਗਲ ਫ਼ੌਜਾਂ ਦੁਆਰਾ ਭਰੋਸਾ ਦਿਵਾਉਣ ਤੇ ਗੁਰੂ ਜੀ ਨੇ ਕਿਲ੍ਹਾ ਛੱਡ ਦਿੱਤਾ। ਕਿਲ੍ਹਾ ਛੱਡ ਕੇ ਜਾ ਰਹੇ ਗੁਰੂ ਗੋਬਿੰਦ ਸਿੰਘ ਅਤੇ ਸਿੱਖ ਫ਼ੌਜਾਂ ਉੱਤੇ ਮੁਗਲਾਂ ਨੇ ਆਪਣਾ ਵਾਅਦਾ ਤੋੜ ਕੇ ਹਮਲਾ ਕਰ ਦਿੱਤਾ। ਗੁਰੂ ਜੀ ਦਾ ਪਿੱਛਾ ਕਰ ਰਹੀਆਂ ਮੁਗਲ ਫ਼ੌਜਾਂ ਨੂੰ ਮੂੰਹ ਤੋੜ ਜਵਾਬ ਦੇਣ ਲਈ ਮਾਈ ਭਾਗੋ ਜੀ ਦੀ ਅਗਵਾਈ ਵਿੱਚ ਘਰ ਵਾਪਸ ਆਏ ਸਿੱਖਾਂ ਨੇ ਉਤਸ਼ਾਹ ਨਾਲ ਜੰਗ ਵਿੱਚ ਹਿੱਸਾ ਲਿਆ।ਅੰਤ ਨੂੰ ਖਿਦਰਾਣੇ ਦੀ ਢਾਬ (ਸ਼੍ਰੀ ਮੁਕਤਸਰ ਸਾਹਿਬ) ਵਿੱਖੇ ਘਮਾਸਾਨ ਯੁੱਧ ਹੋਇਆ।ਬੇਦਾਵਾ ਲਿਖਣ ਵਾਲੇ 40 ਸਿੱਖਾਂ ਨੇ ਇਸ ਜੰਗ ਵਿੱਚ ਆਪਣੀ ਬਹਾਦਰੀ ਦੇ ਖ਼ੂਬ ਜ਼ੌਹਰ ਵਿਖਾਏ।ਮਾਈ ਭਾਗੋ ਜੀ ਇਸ ਜੰਗ ਵਿੱਚ ਬਹੁਤ ਬਹਾਦਰੀ ਨਾਲ ਲੜਦੇ ਹੋਏ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਏ।ਮਾਈ ਭਾਗੋ ਜੀ ਨੇ ਠੀਕ ਹੋਣ ਤੋ ਬਾਅਦ ਗੁਰੂ ਜੀ ਦੇ ਚਰਨਾਂ ਵਿੱਚ ਰਹਿਣ ਦਾ ਫੈਸਲਾ ਕੀਤਾ ਅਤੇ ਅਖੀਰ ਨੰਦੇੜ ਸਾਹਿਬ ਚਲੇ ਗਏ।ਉਹ ਗੁਰਦੁਆਰਾ ਨਾਨਕ ਝੀਰਾ ਸਾਹਿਬ ਵਿੱਚ ਰਹਿਣ ਲੱਗ ਪਏ।ਬਹੁਤ ਲੰਮੀ ਉਮਰ ਭੋਗ ਕੇ ਜੋਤੀ ਜੋਤ ਸਮਾਏ।ਉਹਨਾਂ ਦੀ ਯਾਦ ਵਿੱਚ ਉੱਥੇ ਹੁਣ ਗੁਰਦੁਆਰਾ ਸਾਹਿਬ 'ਤਪ ਅਸਥਾਨ ਮਾਈ ਭਾਗੋ ਜੀ' ਬਣਿਆ ਹੋਇਆ ਹੈ।ਉੱਥੇ ਹੀ ਆਪ ਜੀ ਨੂੰ ਸਿੱਖਾਂ ਨੇ 'ਸੰਤ ਦੀ ਉਪਾਧੀ' ਦਿੱਤੀ ਸੀ। ਜਿਹੜਾ ਬਰਛਾ ਆਪ ਜੀ ਨੇ ਮੁਕਤਸਰ ਸਾਹਿਬ ਦੀ ਜੰਗ ਵਿੱਚ ਵਰਤਿਆ ਸੀ, ਉਹ ਅਜੇ ਵੀ ਤਖਤ ਸ਼੍ਰੀ ਹਜ਼ੂਰ ਸਾਹਿਬ ਵਿਖੇ ਸੁਸ਼ੋਭਿਤ ਹੈ।

## ਸ਼ਬਦ

### ੴ ਸਤਿਗੁਰ ਪ੍ਰਸਾਦਿ
### ਧਨਾਸਰੀ ਮਹਲਾ ੫

ਚਤੁਰ ਦਿਸਾ ਕੀਨੋ ਬਲੁ ਅਪਨਾ
ਸਿਰ ਊਪਰਿ ਕਰੁ ਧਾਰਿਓ ॥
ਕ੍ਰਿਪਾ ਕਟਾਖ੍ਯ ਅਵਲੋਕਨੁ ਕੀਨੋ
ਦਾਸ ਕਾ ਦੂਖੁ ਬਿਦਾਰਿਓ ॥੧॥
ਹਰਿ ਜਨ ਰਾਖੇ ਗੁਰ ਗੋਵਿੰਦ ॥
ਕੰਠਿ ਲਾਇ ਅਵਗੁਣ ਸਭਿ ਮੇਟੇ
ਦਇਆਲ ਪੁਰਖ ਬਖਸੰਦ ॥ (ਰਹਾਉ)
ਜੋ ਮਾਗਹਿ ਠਾਕੁਰ ਅਪੁਨੇ ਤੇ
ਸੋਈ ਸੋਈ ਦੇਵੈ ॥
ਨਾਨਕ ਦਾਸੁ ਮੁਖ ਤੇ ਜੋ ਬੋਲੈ
ਈਹਾ ਊਹਾ ਸਚੁ ਹੋਵੈ ॥੨॥੧੪॥੪੫॥

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ – ਪੰਨਾ ੬੮੧)

### ॥ ਸਵੈਯਾ ॥

ਦੇਹ ਸਿਵਾ ਬਰੁ ਮੋਹਿ ਇਹੈ
ਸੁਭ ਕਰਮਨ ਤੇ ਕਬਹੂੰ ਨਾ ਟਰੋਂ॥
ਨਾ ਡਰੋਂ ਅਰਿ ਸੋ ਜਬ ਜਾਏ ਲਰੋਂ
ਨਿਸਚੈ ਕਰ ਅਪੁਨੀ ਜੀਤ ਕਰੋਂ॥
ਅਰੁ ਸਿਖ ਹੌਂ ਆਪਨੇ ਮਨ ਕੌ
ਇਹ ਲਾਲਚ ਹਉ ਗੁਨ ਤਉ ਉਚਰੋਂ॥
ਜਬ ਆਵਿ ਕੀ ਅਉਧ ਨਿਦਾਨ ਬਨੈ
ਅਤਿ ਹੀ ਰਨ ਮੈ ਤਬ ਜੂਝ ਮਰੋਂ॥

ਸ੍ਰੀ ਗੁਰੂ ਗੋਬਿੰਦ ਸਿੰਘ ਜੀ

# ਕਾਲਜ ਪ੍ਰਬੰਧਕ ਕਮੇਟੀ ਵੱਲੋਂ



**ਡਾ.ਬਲਵਿੰਦਰ ਸਿੰਘ ਬਰਾੜ**
ਚੇਅਰਮੈਨ 98725-43143



**ਸ੍ਰ. ਕੁਲਦੀਪ ਸਿੰਘ ਖਿਆਲਾ**
ਮੈਨੇਜਿੰਗ ਡਾਇਰੈਕਟਰ 98765-64164



**ਸ੍ਰ. ਮਨਜੀਤ ਸਿੰਘ ਖਿਆਲਾ**
ਸਕੱਤਰ 98727-90006



**ਸ੍ਰ. ਪਰਮਜੀਤ ਸਿੰਘ ਬੁਰਜ ਹਰੀ**
ਉਪ ਚੇਅਰਮੈਨ 98781-00411

## ਸਲਾਹਕਾਰ ਕਮੇਟੀ

**ਡਾ. ਬਲਵਿੰਦਰ ਕੌਰ ਬਰਾੜ**
ਸਾਬਕਾ ਪ੍ਰੋਫੈਸਰ ਅਤੇ ਮੁਖੀ ਪੰਜਾਬੀ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ ।

**ਡਾ. ਰਾਜਿੰਦਰ ਪਾਲ ਸਿੰਘ ਬਰਾੜ**
ਸਾਬਕਾ ਮੁਖੀ ਅਤੇ ਡੀਨ ਭਾਸ਼ਾਵਾਂ,
ਪੰਜਾਬੀ ਯੂਨੀਵਰਸਿਟੀ, ਪਟਿਆਲਾ ।

**ਡਾ. ਚਰਨਜੀਤ ਕੌਰ**
ਸਾਬਕਾ ਪ੍ਰੋਫੈਸਰ, ਪੰਜਾਬੀ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ ।

**ਡਾ. ਮਲਕੀਅਤ ਸਿੰਘ ਖੱਟੜਾ**
ਸਾਬਕਾ ਮੁਖੀ, ਪੰਜਾਬੀ ਵਿਭਾਗ,
ਸਰਕਾਰੀ ਰਣਬੀਰ ਕਾਲਜ, ਸੰਗਰੂਰ ।

**ਡਾ. ਸਿਕੰਦਰ ਸਿੰਘ**
ਮੁਖੀ ਪੰਜਾਬੀ ਵਿਭਾਗ
ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ
ਸ੍ਰੀ ਫਤਿਹਗੜ੍ਹ ਸਾਹਿਬ

**ਡਾ. ਕਰਮਜੀਤ ਸਿੰਘ ਧਾਲੀਵਾਲ**
ਪੰਜਾਬੀ ਯੂਨੀਵਰਸਿਟੀ, ਪਟਿਆਲਾ ।

**ਡਾ. ਸਤਿਨਾਮ ਸਿੰਘ ਦਿਉਲ**
ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ।

**ਡਾ. ਗੁਰਪ੍ਰੀਤ ਸਿੰਘ ਬਰਾੜ**
ਪੰਜਾਬੀ ਯੂਨੀਵਰਸਿਟੀ, ਪਟਿਆਲਾ ।

**ਡਾ. ਗੁਰਪ੍ਰੀਤ ਕੌਰ ਬਰਾੜ**
ਪੰਜਾਬੀ ਯੂਨੀਵਰਸਿਟੀ, ਪਟਿਆਲਾ ।

**ਡਾ. ਖੁਸ਼ਪ੍ਰੀਤ ਸਿੰਘ ਬਰਾੜ**
ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ


ਵਿੱਦਿਆ ਮਨੁੱਖ ਦਾ ਤੀਸਰਾ ਨੇਤਰ ਹੈ। ਵਿੱਦਿਆ ਹੀ ਮਨੁੱਖ ਨੂੰ ਗੁਣਵਾਨ ਅਤੇ ਉਸਾਰੂ ਸੋਚ ਦਾ ਮਾਲਕ ਬਣਾਉਂਦੀ ਹੈ। ਇਸ ਬਿਨ੍ਹਾਂ ਮਨੁੱਖ ਦੁਨੀਆਂ ਦੇ ਵਿਸ਼ਾਲ ਘੇਰੇ ਵਿਚ ਨਾ ਤਾਂ ਸਾਂਝ ਪਾ ਸਕਦਾ ਹੈ ਅਤੇ ਨਾ ਹੀ ਕਿਸੇ ਵਿਸ਼ੇਸ਼ ਕਾਰਜ ਵਿਚ ਪਾਰਦਰਸ਼ਤਾ ਲਿਆ ਸਕਦਾ ਹੈ। ਜਿਸ ਸਮਾਜ ਵਿੱਚ ਵਿੱਦਿਆ ਨੂੰ ਉਚਿਤ ਦਰਜਾ ਦੇ ਕੇ ਸਨਮਾਨਿਆ ਜਾਂਦਾ ਹੈ, ਉਹ ਸਮਾਜ ਸਿਰਫ਼ ਤਰੱਕੀ ਹੀ ਨਹੀਂ ਕਰਦਾ ਸਗੋਂ ਆਪਣੀ ਵਰਤਮਾਨ ਦਸ਼ਾ ਅਤੇ ਭਵਿੱਖ ਪ੍ਰਤੀ ਆਦਰਸ਼ਕ ਸੰਭਾਵਨਾਵਾਂ ਨੂੰ ਸਿਰਜਤ ਕਰਨ ਦੇ ਕਾਬਿਲ ਬਣ ਜਾਂਦਾ ਹੈ। ਵਿੱਦਿਆ ਖੇਡਾਂ, ਰਾਜਨੀਤੀ, ਵਿਗਿਆਨ, ਇਤਿਹਾਸ, ਸਾਹਿਤ ਆਦਿ ਰਾਹੀਂ ਮੁੱਲਵਾਨ ਬਦਲਾਅ ਪੈਦਾ ਕਰਦੀ ਹੈ ਅਤੇ ਇਹ ਮਹੱਤਵਪੂਰਨ ਬਦਲਾਅ ਹੀ ਸਮਾਜ ਵਿਚ ਗੁਣਵਾਨ, ਅਦਬਸ਼ੀਲ ਅਤੇ ਪ੍ਰਮਾਣਿਕ ਨਤੀਜੇ ਸਥਾਪਿਤ ਕਰਕੇ ਹੋਂਦ ਅਤੇ ਪਹਿਚਾਣ ਦੇ ਸਿਲਸਿਲੇ ਨੂੰ ਮਾਨਤਾ ਦੇਣ ਵਿਚ ਸਹਾਈ ਬਣਦੇ ਹਨ।

ਅਜੋਕੇ ਦੌਰ ਵਿਚ ਮਾਈ ਭਾਗੋ ਸੰਸਥਾ, ਰੱਲਾ ਵਿਦਿਆਰਥੀਆਂ ਨੂੰ ਮੁੱਲਵਾਨ, ਆਦਰਸ਼ਕ, ਸੰਵਾਦ, ਅਤੇ ਚੇਤਨ ਭਰਪੂਰ ਵਿੱਦਿਆ ਪ੍ਰਦਾਨ ਕਰਨ ਵਿਚ ਕਾਰਜਸ਼ੀਲ ਹੈ। ਸੰਸਥਾ ਵਿਦਿਆਰਥੀਆਂ ਨੂੰ ਕਿਤਾਬੀ ਵਿੱਦਿਆ ਦੇਣ ਦੇ ਨਾਲ-ਨਾਲ ਵਿਹਾਰਕ ਜੀਵਨ ਜਿਉਣ ਦੀ ਸੇਧ ਪ੍ਰਤੀ ਆਪਣਾ ਫ਼ਰਜ਼ ਸੰਜੀਦਗੀ ਅਤੇ ਸੰਵੇਦਨਤਾ ਨਾਲ ਨਿਭਾਅ ਰਹੀ ਹੈ। ਸੰਸਥਾ ਕੌਮੀ ਸੇਵਾ ਯੋਜਨਾ ਕੈਂਪਾਂ ਦਾ ਆਯੋਜਨ, ਸੱਭਿਆਚਾਰਕ ਗਤੀਵਿਧੀਆਂ, ਰੈੱਡ ਰਿਬਨ ਕਲੱਬਾਂ ਦੀ ਭਾਗੀਦਾਰੀ, ਵਿਦਿਆਰਥੀ ਸਾਹਿਤ ਸਭਾ ਦੇ ਸਮਾਗਮਾਂ, ਸੈਮੀਨਾਰਾਂ ਅਤੇ ਪ੍ਰਸਿੱਧ ਸਖ਼ਸ਼ੀਅਤਾਂ ਦੇ ਰੂ-ਬ-ਰੂ ਕਰਨ ਜਿਹੇ ਕਾਰਜਾਂ ਨੂੰ ਪੂਰੀ ਸੁਹਿਰਦਤਾ ਅਤੇ ਜ਼ਿੰਮੇਵਾਰੀ ਨਾਲ ਕਰਨ ਲਈ ਯਤਨਸ਼ੀਲ ਹੈ। ਸੰਸਥਾ ਇਨ੍ਹਾਂ ਮਹੱਤਵਪੂਰਨ ਕਾਰਜਾਂ ਦੁਆਰਾ ਵਿਦਿਆਰਥੀਆਂ ਵਿਚ ਆਪਸੀ ਪ੍ਰੇਮ, ਸਾਂਝੀਵਾਲਤਾ, ਧਰਮ ਨਿਰਪੱਖਤਾ, ਆਤਮ-ਨਿਰਭਰਤਾ ਦੇ ਗੁਣਾਂ ਨੂੰ ਉਭਾਰਨ ਲਈ ਸਿਰਜਕ ਮਾਹੌਲ ਪੈਦਾ ਕਰਨ ਵਿਚ ਕਾਰਗਰ ਭੂਮਿਕਾ ਅਦਾ ਕਰ ਰਹੀ ਹੈ। ਵਿਦਿਆਰਥੀਆਂ ਨੂੰ ਸਿੱਖਿਅਤ ਕਰਕੇ ਆਦਰਸ਼ ਸਮਾਜ ਦਾ ਨਿਰਮਾਣ ਕਰਨਾ ਹੀ ਸੰਸਥਾ ਦਾ ਮੁੱਖ ਮਨੋਰਥ ਹੈ।

# ਸੰਸਥਾ ਬਾਰੇ ਜਾਣਕਾਰੀ

ਮਾਈ ਭਾਗੋ ਗਰੁੱਪ ਆਫ਼ ਇੰਸਟੀਚਿਊਟਸ, ਰੱਲਾ (ਮਾਨਸਾ) ਪੰਜਾਬੀ ਐਜੂਕੇਸ਼ਨਲ ਸੁਸਾਇਟੀ (ਰਜਿ) ਰੱਲਾ (ਮਾਨਸਾ) ਵੱਲੋਂ ਚਲਾਇਆ ਜਾ ਰਿਹਾ ਹੈ । ਇਹ ਸੁਸਾਇਟੀ ਰਜਿਸਟ੍ਰੇਸ਼ਨ ਐਕਟ 1860 ਤਹਿਤ ਰਜਿ ਨੰ: 650 ਦੇ ਅਧਿਨ ਰਜਿਸਟਰਡ ਹੈ । ਇਸ ਸੁਸਾਇਟੀ ਦੇ ਚੇਅਰਮੈਨ ਅਤੇ ਸਮੂਹ ਅਹੁਦੇਦਾਰ ਸਿੱਖਿਆ ਦੇ ਖੇਤਰ ਨਾਲ ਜੁੜੇ ਹੋਏ ਹਨ। ਸੁਸਾਇਟੀ ਦੇ ਸਮੁੱਚੇ ਅਹੁਦੇਦਾਰ ਯੂਨਿਵਰਿਸਟੀ ਤੋਂ ਉੱਚ ਸਿੱਖਿਆ ਪ੍ਰਾਪਤ ਹਨ। ਇਸ ਸੰਸਥਾ ਦੀ ਸਥਾਪਨਾ 2006 ਵਿੱਚ ਮਾਈ ਭਾਗੋ ਗਰਲਜ਼ ਅਕੈਡਮੀ ਦੇ ਰੂਪ ਵਿੱਚ ਕੀਤੀ ਗਈ। ਮਾਈ ਭਾਗੋ ਡਿਗਰੀ ਕਾਲਜ (ਲੜਕੀਆਂ) ਰੱਲਾ 2010 ਵਿੱਚ ਸਥਾਪਿਤ ਕੀਤਾ ਗਿਆ ਸੀ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਮਾਨਤਾ ਨਾਲ ਇੱਥੇ ਆਰਟਸ ਦੇ ਨਾਲ-ਨਾਲ ਕੰਪਿਊਟਰ ਆਦਿ ਦੀਆਂ ਕਲਾਸਾਂ ਵੀ ਚੱਲ ਰਹੀਆਂ ਹਨ। 2011-12 ਸ਼ੈਸ਼ਨ ਤੋਂ ਇੱਥੇ ਪੋਸਟ-ਗ੍ਰੈਜੂਏਸ਼ਨ ਦੀਆ ਕਲਾਸਾਂ ਸਫਲਤਾਪੂਰਵਕ ਚੱਲ ਰਹੀਆਂ ਹਨ। ਸ਼ੈਸ਼ਨ 2015-16 ਦੌਰਾਨ ਐਮ-ਏ. ਹਿੰਦੀ ਅਤੇ ਬੀ.ਐਸ.ਸੀ. (ਮੈਡੀਕਲ, ਨਾਨ-ਮੈਡੀਕਲ) ਦੀਆ ਕਲਾਸਾਂ ਵੀ ਸੰਚਾਰੂ ਢੰਗ ਨਾਲ ਚੱਲ ਰਹੀਆਂ ਹਨ। ਮਾਈ ਭਾਗੋ ਕਾਲਜ ਆਫ਼ ਐਜੂਕੇਸ਼ਨ (ਲੜਕੀਆਂ) ਰੱਲਾ 2008 ਵਿੱਚ ਸਥਾਪਿਤ ਕੀਤਾ ਗਿਆ ਸੀ । ਇਹ ਸੰਸਥਾ ਅਧਿਆਪਕ ਸਿਖਲਾਈ ਦੇ ਰੂਪ ਵਿੱਚ ਆਦਰਸ਼ਕ ਅਧਿਆਪਕ ਸਿਰਜਣ ਵਿੱਚ ਕਾਰਜਸ਼ੀਲ ਹੈ । ਇਸ ਕਾਲਜ ਨੂੰ NCTE, JAIPUR ਵੱਲੋਂ ਬੀ.ਐੱਡ. ਦੀਆਂ 100 ਸੀਟਾਂ ਲਈ ਪੱਕੇ ਤੌਰ 'ਤੇ ਮਾਨਤਾ ਪ੍ਰਾਪਤ ਹੈ । ਇਸ ਦਾ ਰਜਿਸਟ੍ਰੇਸ਼ਨ ਨੰ. PB608/2008/57324 ਹੈ । ਇਹ ਸੰਸਥਾ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਮਾਨਤਾ ਪ੍ਰਾਪਤ ਹੈ ।

ਨਵੀਂ ਸਿੱਖਿਆ ਨੀਤੀ 2020 ਭਾਰਤ ਸਰਕਾਰ ਅਤੇ ਸਿੱਖਿਆ ਦੇ ਬਦਲ ਰਹੇ ਹਲਾਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਸ਼ੈਸ਼ਨ 2021-22 ਤੋਂ ਲੜਕੇ-ਲੜਕੀਆਂ ਦੇ ਸਾਂਝੇ ਦਾਖਲੇ ਸ਼ੁਰੂ ਕੀਤੇ ਗਏ ਹਨ । ਲੜਕੀਆਂ ਦੀ ਉਚੇਰੀ ਪੜ੍ਹਾਈ ਜਾਰੀ ਰੱਖਣ ਲਈ ਪੰਜਾਬੀ ਐਜੂਕੇਸ਼ਨਲ ਸੁਸਾਇਟੀ ਵੱਲੋ ਲੜਕੀਆਂ ਲਈ ਕਿੱਤਾ ਮੁਖੀ ਅਤੇ ਉੱਚ ਸਿੱਖਿਆ ਪ੍ਰਦਾਨ ਕਰਨ ਵਾਸਤੇ ਮਾਈ ਭਾਗੋ ਡਿਗਰੀ ਕਾਲਜ ਅਤੇ ਮਾਈ ਭਾਗੋ ਕਾਲਜ ਆਫ਼ ਐਜੂਕੇਸ਼ਨ ਵੀ ਚੱਲ ਰਿਹਾ ਹੈ । ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਮਾਨਤਾ ਨਾਲ ਆਰਟਸ ਦੀਆਂ ਕਲਾਸਾਂ ਦੇ ਨਾਲ-ਨਾਲ ਕੰਪਿਊਟਰ ਅਤੇ ਸਾਇੰਸ ਦੀਆਂ ਕਲਾਸਾਂ ਵੀ ਚੱਲ ਰਹੀਆਂ ਹਨ। ਸਿੱਖਿਆ ਦੇ ਵਧ ਰਹੇ ਮਹੱਤਵ ਅਤੇ ਵਿਦਿਆਰਥੀਆਂ ਨੂੰ ਸਮੇਂ ਦੇ ਹਾਣ ਦਾ ਬਣਾਉਣ ਲਈ ਸੰਸਥਾ ਵੱਲੋਂ ਪੜ੍ਹਾਈ ਦੇ ਨਾਲ ਨਾਲ ਹੋਰ ਸਹਾਇਕ ਗਤੀਵਿਧੀਆਂ ਵੀ ਕਰਵਾਈਆਂ ਜਾਂਦੀਆਂ ਹਨ। ਕਿੱਤਾ ਮੁੱਖੀ ਕੋਰਸ ਵੀ ਸ਼ੁਰੂ ਕੀਤੇ ਗਏ ਹਨ । ਮੌਜੂਦਾ ਸਮੇਂ ਸਿੱਖਿਆ ਦੀਆ ਸਾਰੀਆ ਲੋੜਾਂ ਇਸ ਸੰਸਥਾ ਵਿੱਚ ਉਪਲਬਧ ਹਨ। ਇਸ ਸੰਸਥਾ ਵਿੱਚ ਵਿਦਿਆਰਥੀ ਸਿੱਖਣ ਦੇ ਮਨਸੇ ਨਾਲ ਦਾਖਲ ਹੁੰਦਾ ਹੈ ਅਤੇ ਸਿੱਖਿਅਤ ਹੋ ਕੇ ਸਮਾਜ ਦੀ ਭਲਾਈ ਦੇ ਯੋਗ ਹੋ ਕੇ ਬਾਹਰ ਜਾਂਦਾ ਹੈ।



# ਮਾਈ ਭਾਗੋ ਡਿਗਰੀ ਅਤੇ ਐਜੂਕੇਸ਼ਨ ਕਾਲਜ, ਰੱਲਾ

## ਪ੍ਰਿੰਸੀਪਲ



**ਡਾ. ਪਰਮਿੰਦਰ ਕੁਮਾਰੀ**

ਮਾਈ ਭਾਗੋ ਡਿਗਰੀ ਅਤੇ ਐਜੂਕੇਸ਼ਨ ਕਾਲਜ, ਰੱਲਾ ਨੂੰ ਮਾਨਸਾ ਜ਼ਿਲ੍ਹੇ ਵਿਚ ਸਥਾਪਿਤ ਨਾਮਵਰ ਸੰਸਥਾਵਾਂ ਵਿਚੋਂ ਮਾਣ ਪ੍ਰਾਪਤ ਹੈ। ਇਹ ਸੰਸਥਾ ਲੰਮੇ ਸਮੇਂ ਤੋਂ ਸਿੱਖਿਆ ਦੇ ਖੇਤਰ ਵਿਚ ਆਪਣੀ ਹੋਂਦ, ਪਹਿਚਾਣ ਅਤੇ ਰੁਤਬੇ ਕਰਕੇ ਜਾਣੀ ਜਾਂਦੀ ਹੈ। ਇਸ ਸੰਸਥਾ ਵਿਚ ਖਾਸ ਤੌਰ 'ਤੇ ਆਲੇ-ਦੁਆਲੇ ਦੇ ਪਿੰਡਾਂ ਦੇ ਵਿਦਿਆਰਥੀ ਸਿੱਖਿਆ ਗ੍ਰਹਿਣ ਕਰਨ ਲਈ ਆਉਂਦੇ ਹਨ ਅਤੇ ਹੁਣ ਤੱਕ ਹਜ਼ਾਰਾਂ ਵਿਦਿਆਰਥੀ ਸਿੱਖਿਆ ਪ੍ਰਾਪਤ ਕਰ ਚੁੱਕੇ ਹਨ। ਇਸ ਸੰਸਥਾ ਵਿਚ ਪੜ੍ਹਕੇ ਗਏ ਵਿਦਿਆਰਥੀਆਂ ਸਰਕਾਰੀ ਅਤੇ ਗੈਰ-ਸਰਕਾਰੀ ਸੰਸਥਾਵਾਂ ਵਿਚ ਰੋਜ਼ਗਾਰ ਪ੍ਰਾਪਤ ਕਰਕੇ ਆਪਣਾ ਚੰਗਾ ਜੀਵਨ ਬਸਰ ਕਰ ਰਹੇ ਹਨ। ਇਸ ਦੇ ਨਾਲ ਹੀ ਇਸ ਸੰਸਥਾ ਦੇ ਵਿਦਿਆਰਥੀ ਆਰਥਿਕ, ਸਮਾਜਿਕ ਅਤੇ ਰਾਜਨੀਤਿਕ ਪ੍ਰਬੰਧ ਦੀ ਰੂਪ-ਰੇਖਾ ਪ੍ਰਤੀ ਸੂਝਵਾਨ ਸੋਚ ਰੱਖ ਕੇ ਨਵੇਂ ਦਿਸਹੱਦੇ ਸਥਾਪਤ ਕਰਨ ਵਿਚ ਯਤਨਸ਼ੀਲ ਹਨ।

ਸੰਸਥਾ ਦੇ ਪ੍ਰਬੰਧਕ ਅਤੇ ਅਧਿਆਪਕ ਸਾਹਿਬਾਨ ਦੀ ਉਸਾਰੂ ਅਤੇ ਅਗਾਂਹਵਧੂ ਨੈਤਿਕ ਮੁੱਲਾਂ ਵਾਲੀ ਸੋਚ ਹਮੇਸ਼ਾਂ ਗਤੀਸ਼ੀਲ ਹੈ। ਜਿਸ ਕਰਕੇ ਸੰਸਥਾ ਦਿਨ ਪ੍ਰਤੀ ਦਿਨ ਹਰ ਖੇਤਰ ਵਿਚ ਆਪਣੀ ਵੱਖਰੀ ਪਹਿਚਾਣ ਬਣਾਉਣ ਲਈ ਯਤਨਸ਼ੀਲ ਹੈ। ਸੰਸਥਾ ਵੱਖ-ਵੱਖ ਸਮੇਂ ਸੱਭਿਆਚਾਰਿਕ ਗਤੀਵਿਧੀਆਂ, ਖੇਡਾਂ, ਵਿੱਦਿਅਕ ਟੂਰ, ਸੈਮੀਨਾਰ, ਸਾਹਿਤਕ ਗਤੀਵਿਧੀਆਂ ਅਤੇ ਆਯੋਜਿਤ ਕੈਂਪਾਂ ਦੁਆਰਾ ਵਿਦਿਆਰਥੀਆਂ ਦੀ ਜੀਵਨ ਸ਼ੈਲੀ ਵਿਚ ਉਚੇਚੇ ਪੱਧਰ ਦੇ ਬਦਲਾਅ ਲੈ ਕੇ ਆਉਣ ਲਈ ਲਗਾਤਾਰ ਕਾਰਜਸ਼ੀਲ ਹੈ ਕਿਉਂਕਿ ਅਜਿਹੀਆਂ ਸਰਗਰਮੀਆਂ ਦੁਆਰਾ ਵਿਦਿਆਰਥੀਆਂ ਦੀ ਪ੍ਰਤਿਭਾ ਨੂੰ ਨਿਖਾਰਿਆ ਅਤੇ ਉਜਾਗਰ ਕੀਤਾ ਜਾ ਸਕਦਾ ਹੈ। ਸੰਸਥਾ ਵਿਦਿਆਰਥੀਆਂ ਦੀ ਮਾਨਸਿਕਤਾ ਨੂੰ ਮਿਆਰੀ ਤੇ ਸੰਚਾਰੂ ਬਣਾਉਣ ਲਈ ਯੋਜਨਾਬੱਧ ਤਰੀਕੇ ਨਾਲ ਮਾਹਿਰ ਲੋਕਾਂ ਨਾਲ ਰਾਬਤਾ ਬਣਾਕੇ ਸੰਵਾਦ ਰਚਾਉਂਦੀ ਹੈ। ਇਸ ਦੇ ਨਾਲ ਹੀ ਸੰਸਥਾ ਵਿਦਿਆਰਥੀਆਂ ਨੂੰ ਆਧੁਨਿਕ ਦੌਰ ਦੀ ਤਕਨੀਕਾਂ, ਖੋਜਾਂ ਅਤੇ ਪੱਤਰਕਾਰੀ ਜਿਹੇ ਪਰਪੱਕ ਕਾਰਜਾਂ ਨੂੰ ਸਾਂਝਾ ਕਰਦੀ ਹੈ ਤਾਂ ਕਿ ਵਿਦਿਆਰਥੀ ਆਪਣੀ ਅਗਲੇਰੀ ਜ਼ਿੰਦਗੀ ਨੂੰ ਮੁੱਲਵਾਨ ਤੇ ਖੁਸ਼ਹਾਲ ਬਣਾ ਸਕਣ। ਸੰਸਥਾ ਹਮੇਸ਼ਾਂ ਦੀ ਤਰ੍ਹਾਂ ਪਰਪੱਕ ਅਤੇ ਨੇਕ ਇਰਾਦਿਆਂ ਨਾਲ ਸਿੱਖਿਆ, ਖੇਡਾਂ ਅਤੇ ਹੋਰ ਗਤੀਵਿਧੀਆਂ ਵਿਚ ਸੰਘਰਸ਼ ਕਰਨ ਵਿਚ ਕਾਰਜਸ਼ੀਲ ਹੈ, ਸੀ ਅਤੇ ਰਹੇਗੀ।

**ਡਾ. ਪਰਮਿੰਦਰ ਕੁਮਾਰੀ ਪ੍ਰਿੰਸੀਪਲ**
**ਐਮ.ਏ., ਬੀ.ਐੱਡ., ਐਮ.ਐਡ., ਐਮ.ਫਿਲ**
**ਯੂ.ਜੀ.ਸੀ. ਨੈੱਟ (ਐਜੂਕੇਸ਼ਨ ਤੇ ਹਿੰਦੀ), ਪੀ-ਐਚ.ਡੀ.**
**ਮੋਬਾ. 98155-80411**

# ਮਾਈ ਭਾਗੋ ਸੀਨੀਅਰ ਸੈਕੰਡਰੀ ਸਕੂਲ, ਰੱਲਾ

## ਪ੍ਰਿੰਸੀਪਲ



ਹਰੇਕ ਸਮਾਜ ਦੇ ਜੀਣ ਦਾ ਢੰਗ ਵੱਖਰਾ-ਵੱਖਰਾ ਹੈ। ਸਾਧਨਾਂ ਦੀ ਪਹੁੰਚ ਨੇ ਹਰੇਕ ਸਮਾਜ ਨੂੰ ਵੱਖਰੇ ਢੰਗ ਨਾਲ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਹਰ ਸਮਾਜ ਆਪਣੀ ਜੀਵਨ ਸ਼ੈਲੀ ਨਾਲ ਦੂਸਰਿਆਂ ਨੂੰ ਪ੍ਰਭਾਵਿਤ ਕਰਨ ਲਈ ਵੱਖ-ਵੱਖ ਪੱਖਾਂ ਨੂੰ ਸੰਚਾਰਿਤ ਕਰਦਾ ਹੈ। ਸੰਚਾਰਿਤ ਦੇ ਵਰਤਾਰੇ ਲਈ ਅਹਿਮ ਯੋਗਦਾਨ ਸਿੱਖਿਆ ਅਦਾ ਕਰਦੀ ਹੈ। ਜਿਸ ਸਮਾਜ ਵਿੱਚ ਸਿੱਖਿਆ ਨੂੰ ਪਹਿਲ ਆਧਾਰ 'ਤੇ ਵਿਚਾਰਿਆ ਜਾਂਦਾ ਹੈ, ਉਸ ਸਮਾਜ ਦੀਆਂ ਜੜ੍ਹਾਂ ਸਦੀਵੀ ਰੂਪ ਵਿਚ ਜੀਵਿਤ ਰਹਿੰਦੀਆਂ ਹਨ। ਅਜਿਹੇ ਸਮਾਜ ਹਮੇਸ਼ਾ ਮੁੱਲਵਾਨ ਆਦਰਸ਼ ਸਿਰਜਣ ਵਿਚ ਵੱਡੀ ਭੂਮਿਕਾ ਅਦਾ ਕਰਦੇ ਹਨ। ਚੰਗੇ ਆਦਰਸ਼ਾਂ ਸਦਕਾ ਹੀ ਪੀੜ੍ਹੀਆਂ ਆਪਣੀ ਵੱਖਰੀ ਪਹਿਚਾਣ ਬਣਾਉਣ ਅਤੇ ਅਹਿਮ ਕਿਰਦਾਰ ਵਜੋਂ ਸਥਾਪਿਤ ਹੋ ਕੇ ਮਾਣ ਪ੍ਰਾਪਤ ਕਰਦੀਆਂ ਰਹਿੰਦੀਆਂ ਹਨ।

ਮਾਈ ਭਾਗੋ ਸੀਨੀਅਰ ਸੈਕੰਡਰੀ ਸਕੂਲ, ਰੱਲਾ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਅਤੇ ਉਨ੍ਹਾਂ ਦੇ ਭਵਿੱਖ ਨੂੰ ਬੇਹਤਰੀਨ ਬਣਾਉਣ ਲਈ ਹਮੇਸ਼ਾ ਵਾਂਗ ਅਹਿਮ ਭੂਮਿਕਾ ਅਦਾ ਕਰ ਰਿਹਾ ਹੈ। ਇਸ ਸੰਸਥਾ ਵਿਚ ਵਿਦਿਆਰਥੀਆਂ ਨੂੰ ਅਕਾਦਮਿਕ ਸਿੱਖਿਆ ਦੇ ਨਾਲ-ਨਾਲ ਮੁੱਲਵਾਨ ਆਦਰਸ਼ਿਕ ਜੀਵਨ ਜਿਉਣ ਦੀ ਵਿਉਂਤ ਸਿਖਾਈ ਜਾਂਦੀ ਹੈ। ਵਿਦਿਆਰਥੀਆਂ ਨੂੰ ਸਵੈ-ਮਾਣ ਨਾਲ ਜ਼ਿੰਦਗੀ ਬਤੀਤ ਕਰਨ ਦੇ ਅਹਿਮ ਗੁਣ ਸਿਖਾਏ ਜਾਂਦੇ ਹਨ। ਸਮੇਂ-ਸਮੇਂ 'ਤੇ ਵਿਦਿਆਰਥੀਆਂ ਨੂੰ ਅਨੁਭਵੀ ਅਤੇ ਤਜ਼ਰਬੇਕਾਰ ਪ੍ਰਸਿੱਧ ਸਖ਼ਸ਼ੀਅਤਾਂ ਨਾਲ ਰੂ-ਬ-ਰੂ ਕਰਵਾਇਆ ਜਾਂਦਾ ਹੈ ਤਾਂ ਕਿ ਵਿਦਿਆਰਥੀ ਉਨ੍ਹਾਂ ਦੀ ਜੀਵਨ ਸ਼ੈਲੀ ਤੋਂ ਪ੍ਰੇਰਨਾ ਲੈ ਕੇ ਆਪਣੀ ਸਖ਼ਸ਼ੀਅਤ ਵਿਚ ਨਿਖਾਰ ਲੈ ਕੇ ਆਉਣ ਦੀ ਭਾਵਨਾ ਨੂੰ ਵਿਕਸਿਤ ਕਰ ਸਕਣ। ਸੰਸਥਾ ਹਮੇਸ਼ਾਂ ਵਾਂਗ ਤਨਦੇਹੀ ਨਾਲ ਵਿਦਿਆਰਥੀਆਂ ਨੂੰ ਸਮੇਂ ਦੇ ਹਾਣੀ ਬਣਾਉਣ ਦੇ ਉਪਰਾਲਿਆਂ ਵਿਚ ਕਾਰਜਸ਼ੀਲ ਰਹਿੰਦੀ ਹੈ ਤਾਂ ਕਿ ਇਲਾਕੇ ਦੇ ਵਿਦਿਆਰਥੀ ਆਉਣ ਵਾਲੀਆਂ ਪੀੜ੍ਹੀਆਂ ਨੂੰ ਇਕ ਸੁਖਾਵਾਂ ਮਾਹੌਲ ਦੇਣ ਪ੍ਰਤੀ ਸਮਰੱਥਾਵਾਨ ਬਣ ਸਕਣ ਅਤੇ ਆਪਣੇ ਫ਼ਰਜ਼ਾਂ ਰਾਹੀਂ ਸਮਾਜਿਕ ਵਿਵਸਥਾ ਨੂੰ ਮਜ਼ਬੂਤ ਬਣਾਉਣ ਲਈ ਭੂਮਿਕਾ ਅਦਾ ਕਰਦੇ ਰਹਿਣ।

ਸ੍ਰੀਮਤੀ ਸਵਿਤਾ ਕਾਠ ਪ੍ਰਿੰਸੀਪਲ
ਐਮ.ਏ. (ਹਿੰਦੀ, ਅਰਥ ਸ਼ਾਸਤਰ)
ਬੀ.ਐੱਡ., ਐਮ.ਫਿਲ. (ਅਰਥ ਸ਼ਾਸਤਰ)
ਮੋਬਾ. 99141-64164

# ਮਾਈ ਭਾਗੋ ਸੀਨੀਅਰ ਸੈਕੰਡਰੀ ਸਕੂਲ, ਰੱਲਾ

## ਸਕੂਲ ਦਾਖਲਾ ਸ਼ਡਿਊਲ

- (ਨੌਵੀਂ ਤੋਂ ਬਾਰ੍ਹਵੀਂ) ਸਾਇੰਸ, ਆਰਟਸ, ਕਾਮਰਸ ਗਰੁੱਪ ਲਈ ਬਿਨ੍ਹਾਂ ਲੇਟ ਫੀਸ ।
- 1 ਅਪ੍ਰੈਲ ਤੋਂ ਪੰਜਾਬ ਸਕੂਲ ਸਿੱਖਿਆ ਬੋਰਡ ਦੀਆ ਹਦਾਇਤਾਂ ਅਨੁਸਾਰ ।
- ਲੇਟ ਨਤੀਜੇ ਵਾਲੇ ਵਿਦਿਆਰਥੀਆਂ ਲਈ ਨਤੀਜਾ ਘੋਸ਼ਿਤ ਹੋਣ ਤੋਂ 10 ਦਿਨਾਂ ਦੇ ਅੰਦਰ-ਅੰਦਰ ।

## ਸਕੂਲ ਸਟਾਫ

**ਵਾਇਸ ਪ੍ਰਿੰਸੀਪਲ ਕੁਲਜੀਤ ਕੌਰ**
ਐਮ.ਏ. (ਹਿਸਟਰੀ), ਪੋਲ ਸਾਇੰਸ, ਬੀ.ਐੱਡ.

**ਰਾਜਪ੍ਰੀਤ ਕੌਰ**
ਐਮ.ਐਸ.ਸੀ. (ਭੌਤਿਕ ਵਿਗਿਆਨ), ਬੀ.ਐੱਡ.

**ਹਰਜੋਤ ਕੌਰ**
ਬੀ.ਸੀ.ਏ., ਐੱਮ.ਸੀ.ਏ.

**ਹਰਵਿੰਦਰ ਕੌਰ**
ਐੱਮ.ਕਾਮ, ਬੀ.ਐੱਡ.

**ਅਮਨਜੋਤ ਕੌਰ** ਐਮ.ਏ. ਅੰਗਰੇਜ਼ੀ
ਬੀ.ਐੱਡ., ਪੀ.ਟੈਟ-II ਪਾਸ

**ਬੇਅੰਤ ਕੌਰ**
ਐਮ.ਏ. ਪੰਜਾਬੀ, ਬੀ.ਐੱਡ.

**ਚਮਕੌਰ ਸਿੰਘ**
ਬੀ.ਪੀ.ਐਡ., ਐਮ.ਪੀ.ਐਡ.

**ਅਮਨਦੀਪ ਕੌਰ**
ਐਮ.ਐਸ.ਸੀ. (ਮੈਥ), ਬੀ.ਐੱਡ.

**ਸੰਦੀਪ ਕੌਰ**
ਐੱਮ.ਏ. (ਪੰਜਾਬੀ), ਬੀ.ਐੱਡ.

**ਸੁਪਰਿਆ ਗੋਇਲ**
ਐੱਮ.ਏ. (ਅੰਗਰੇਜ਼ੀ), ਐੱਮ.ਐੱਡ.

**ਗੁਰਪ੍ਰੀਤ ਕੌਰ**
ਐੱਮ.ਐਸ.ਸੀ. (ਬਾਇਓ), ਬੀ.ਐਡ.

**ਪਿੰਦਰ ਕੌਰ**
ਐੱਮ.ਏ. (ਹਿੰਦੀ), ਬੀ.ਐਡ.

**ਸੁਖਜੀਤ ਕੌਰ**
ਐੱਮ.ਐੱਸ.ਸੀ. (ਮੈਥ), ਬੀ.ਐਡ.

**ਮਨਪ੍ਰੀਤ ਕੌਰ**
ਐੱਮ.ਐੱਸ.ਸੀ. (ਮੈਥ), ਬੀ.ਐਡ.

## ਦਾਖਲੇ ਸੰਬੰਧੀ ਨਿਯਮ

- ਸੰਸਥਾ ਵਿੱਚ ਜਿਸ ਮਿਤੀ ਨੂੰ ਵਿਦਿਆਰਥੀ ਨੇ ਦਾਖਲਾ ਲਿਆ ਹੈ, ਉਸ ਤੋਂ 1 ਹਫ਼ਤੇ ਵਿੱਚ ਪਹਿਲੀ ਕਿਸ਼ਤ ਭਰਨੀ ਲਾਜ਼ਮੀ ਹੈ।
- ਫ਼ੀਸ ਦੀ ਦੂਜੀ ਕਿਸ਼ਤ 10 ਨਵੰਬਰ ਤੋਂ 30 ਨਵੰਬਰ 2025 ਤੱਕ ਭਰਨੀ ਜਰੂਰੀ ਹੈ।
- ਵਿਦਿਆਰਥੀ ਵੱਲੋਂ ਦਾਖਲਾ ਫਾਰਮ/ਨੋਟਿਸ ਬੋਰਡ ਵਿੱਚ ਦਿੱਤੇ ਫੋਨ ਨੰ. ਉੱਪਰ ਹੀ ਸਕੂਲ ਵੱਲੋਂ ਦਿੱਤੀ ਜਾਣ ਵਾਲੀ ਹਰ ਸੂਚਨਾ ਮੁਹੱਈਆ ਕਰਵਾਈ ਜਾਵੇਗੀ। ਫੋਨ ਨੰ. ਬਦਲਣ ਦੀ ਸੂਰਤ ਵਿੱਚ ਨਵਾਂ ਫੋਨ ਨੰ. ਅਪਡੇਟ ਕਰਵਾਉਣ ਦੀ ਜ਼ਿੰਮੇਵਾਰੀ ਵਿਦਿਆਰਥੀ ਦੀ ਹੋਵੇਗੀ।
- ਫ਼ੀਸਾਂ, ਗਜ਼ਟਿਡ ਛੁੱਟੀ ਸੰਬੰਧੀ ਫੋਨ ਨੰ. ਉੱਪਰ ਅਗਾਉ ਸੂਚਨਾ ਨਹੀਂ ਦਿੱਤੀ ਜਾਵੇਗੀ। ਪ੍ਰਾਸਪੈਕਟਸ ਵਿੱਚੋਂ ਨਿਰਧਾਰਿਤ ਤਾਰੀਖਾਂ ਨੂੰ ਧਿਆਨ ਵਿੱਚ ਰੱਖਣਾ ਵਿਦਿਆਰਥੀ ਅਤੇ ਮਾਪਿਆਂ ਦੀ ਜ਼ਿੰਮੇਵਾਰੀ ਹੋਵੇਗੀ।
- ਚੈੱਕ ਰਾਹੀਂ ਫ਼ੀਸ ਭਰਨ ਦੀ ਸੂਰਤ ਵਿੱਚ ਜੇ ਕਿਸੇ ਵੀ ਕਾਰਨ ਚੈੱਕ ਬਾਂਊਂਸ ਹੋ ਜਾਂਦਾ ਹੈ ਤਾਂ ਚੈੱਕ ਬਾਊਸਿੰਗ ਫ਼ੀਸ ਵਿਦਿਆਰਥੀ ਦੇਵੇਗਾ। ਵਿਸ਼ੇਸ਼ ਕੇਸਾਂ ਵਿੱਚ ਚੈੱਕ ਬਾਂਊਂਸ ਹੋਣ ਤੇ ਕਾਨੂੰਨੀ ਕਾਰਵਾਈ ਵੀ ਕੀਤੀ ਜਾ ਸਕਦੀ ਹੈ।
- ਸਕੂਲ ਵੱਲੋਂ ਮੁਹੱਈਆ ਕੀਤੀ ਜਾਣ ਵਾਲੀ ਟਰਾਂਸਪੋਰਟ ਸਹੂਲਤਾਂ ਵਿੱਚੋਂ ਕਿਸੇ ਪ੍ਰਕਾਰ ਦੀ ਅਚਨਚੇਤੀ ਦੁਰਘਟਨਾਂ ਵਿੱਚ ਸਕੂਲ ਜ਼ਿੰਮੇਵਾਰ ਨਹੀਂ ਹੋਵੇਗਾ ਅਤੇ ਨਾ ਹੀ ਕਿਸੇ ਪ੍ਰਕਾਰ ਦੇ ਜਾਨੀ-ਮਾਲੀ ਨੁਕਸਾਨ ਪ੍ਰਤੀ ਦੇਣਦਾਰ ਹੋਵੇਗਾ।
- ਵਿਦਿਆਰਥੀ ਦੇ ਸਰਬਪੱਖੀ ਵਿਕਾਸ ਲਈ ਸਮੇਂ-ਸਮੇਂ ਤੇ ਪੇਰੈਂਟਸ ਮੀਟਿੰਗ ਬੁਲਾਈ ਜਾਂਦੀ ਹੈ।
- ਮਾਪਿਆਂ ਦਾ ਸਮੇਂ-ਸਮੇਂ ਤੇ ਬੁਲਾਈ ਜਾਣ ਵਾਲੀ ਮੀਟਿੰਗ ਵਿੱਚ ਹਾਜ਼ਰ ਹੋਣਾ ਜ਼ਰੂਰੀ ਹੈ। ਨਿਰਧਾਰਿਤ ਸਮੇਂ ਤੇ ਰੱਖੀ ਮੀਟਿੰਗ ਵਿੱਚ ਪਹੁੰਚਣ ਦੀ ਖੇਚਲ ਕੀਤੀ ਜਾਵੇ ।
- ਅਚਨਚੇਤ ਛੁੱਟੀ ਦੀ ਸੂਚਨਾ ਕੇਵਲ ਫੋਨ ਦੁਆਰਾ ਹੀ ਦਿੱਤੀ ਜਾਵੇਗੀ ।
- ਸਿਹਤ ਠੀਕ ਨਾ ਹੋਣ ਦੀ ਸੂਰਤ ਵਿੱਚ ਵਿਦਿਆਰਥੀ ਦਾ ਘਰ ਰੁਕਣਾ ਹੀ ਜ਼ਰੂਰੀ ਹੈ। ਅਚਨਚੇਤ ਸਕੂਲ ਵਿੱਚ ਸਿਹਤ ਖਰਾਬ ਹੋਣ ਤੇ ਦਾਖਲਾ ਫਾਰਮ ਵਿੱਚ ਦਿੱਤੇ ਫੋਨ ਨੰਬਰ 'ਤੇ ਮਾਪਿਆਂ ਨੂੰ ਸੂਚਿਤ ਕੀਤਾ ਜਾਵੇਗਾ, ਸਕੂਲ ਵਿੱਚੋਂ ਵਿਦਿਆਰਥੀ ਨੂੰ ਲੈ ਕੇ ਜਾਣ ਦੀ ਜ਼ਿੰਮੇਵਾਰੀ ਮਾਪਿਆਂ ਦੀ ਹੋਵੇਗੀ ।

**ਦਫਤਰੀ ਨੰਬਰ. 97159-00006, ਪ੍ਰਿੰਸੀਪਲ ਆਫਿਸ ਨੰ. 99141-64164**

## ਵਿਸ਼ੇ ਅਤੇ ਵਿਸ਼ਾ ਚੋਣ

1. ਨੌਵੀਂ ਅਤੇ ਦਸਵੀਂ ਸ਼੍ਰੇਣੀ ਲਈ ਸਾਰੇ ਵਿਸ਼ੇ ਜ਼ਰੂਰੀ ਹਨ ।
2. ਗਿਆਰ੍ਹਵੀਂ ਅਤੇ ਬਾਰ੍ਹਵੀਂ (ਮੈਡੀਕਲ, ਨਾਨ-ਮੈਡੀਕਲ, ਕਾਮਰਸ, ਆਰਟਸ)

## ਸਾਇੰਸ ਗਰੁੱਪ

1. ਭੌਤਿਕ ਵਿਗਿਆਨ
2. ਰਸਾਇਣ ਵਿਗਿਆਨ
3. ਗਣਿਤ / ਜੀਵ ਵਿਗਿਆਨ

## ਕਾਮਰਸ ਗਰੁੱਪ

ਅਰਥ ਸ਼ਾਸਤਰ

ਬਿਜਨਸ ਸਟੱਡੀਜ਼

ਅਕਾਊਂਟੈਂਸੀ

ਮੈਥ (ਐਡੀਸ਼ਨਲ)

## ਹਿਊਮੈਨਟੀਜ਼ ਗਰੁੱਪ ਗਿਆਰਵੀਂ ਅਤੇ ਬਾਰਵੀਂ

ਚੋਣਵੇਂ ਵਿਸ਼ੇ

ਹੇਠ ਲਿਖੇ 6 ਵਰਗਾਂ ਵਿੱਚੋਂ ਤਿੰਨ ਵਿਸ਼ਿਆਂ ਦੀ ਚੋਣ ਕਰਨੀ ਹੈ

ਇਨ੍ਹਾਂ ਵਿੱਚੋਂ ਕੋਈ ਤਿੰਨ ਵਿਸ਼ਿਆਂ ਦੀ ਚੋਣ ਕਰੋ :-

1. ਅਰਥ ਸ਼ਾਸਤਰ
2. ਇਤਿਹਾਸ/ਗਣਿਤ
3. ਰਾਜਨੀਤੀ ਸ਼ਾਸਤਰ
4. ਸਰੀਰਕ ਸਿੱਖਿਆ/ ਕੰਪਿਊਟਰ ਐਪਲੀਕੇਸ਼ਨ
5. ਪੰਜਾਬੀ ਸਾਹਿਤ/ ਹਿੰਦੀ ਸਾਹਿਤ/ ਅੰਗਰੇਜ਼ੀ ਸਾਹਿਤ
6. ਡਰਾਇੰਗ (ਚਿੱਤਰਕਲਾ)

ਨੋਟ : ਜਨਰਲ ਪੰਜਾਬੀ, ਜਨਰਲ ਅੰਗਰੇਜ਼ੀ, ਵਾਤਾਵਰਨ ਸਿੱਖਿਆ, ਕੰਪਿਊਟਰ ਸਾਇੰਸ, ਸਵਾਗਤ ਜਿੰਦਗੀ ਇਹ ਪੰਜ ਵਿਸ਼ੇ ਸਾਰੇ ਗਰੁੱਪਾਂ ਲਈ ਜ਼ਰੂਰੀ ਹਨ ।

ਨੋਟ:-

1. ਸਰੀਰਕ ਸਿੱਖਿਆ ਵਿਸ਼ੇ ਦੀਆਂ ਸੀਟਾਂ ਲਈ ਟਰਾਇਲ ਹੋਵੇਗਾ। ਖਿਡਾਰੀਆਂ ਨੂੰ ਪਹਿਲ ਦੇ ਅਧਾਰ ਤੇ ਵਿਚਾਰਿਆ ਜਾਵੇਗਾ।
2. ਸਰੀਰਕ ਸਿੱਖਿਆ ਵਿਸ਼ਾ ਲੈਣਾ ਵਾਲੇ ਵਿਦਿਆਰਥੀਆਂ ਨੂੰ ਘੱਟੋ-ਘੱਟ ਇੱਕ ਖੇਡ ਮੁਕਾਬਲੇ ਵਿੱਚ ਭਾਗ ਲੈਣਾ ਜ਼ਰੂਰੀ ਹੈ।

## ਮਾਪੇ ਅਧਿਆਪਕ ਸਭਾ

ਸਕੂਲ ਪ੍ਰਬੰਧ ਨੂੰ ਸੰਚਾਰੂ ਢੰਗ ਨਾਲ ਚਲਾਉਣ ਹਿੱਤ ਅਤੇ ਮਾਪਿਆਂ ਦੇ ਮਨਾਂ ਅੰਦਰ ਪ੍ਰਬੰਧ ਵਿੱਚ ਸ਼ਾਮਲ ਹੋਣ ਦੀ ਸੰਭਾਵਨਾ ਉਤਪੰਨ ਕਰਨ ਲਈ 'ਮਾਪੇ ਅਧਿਆਪਕ ਸਭਾ' ਬਣਾਈ ਗਈ ਹੈ। ਜਿਸ ਦਾ ਸੰਮੇਲਨ ਸਾਲ ਵਿੱਚ ਤਿੰਨ ਵਾਰ ਕੀਤਾ ਜਾਂਦਾ ਹੈ। ਵਿਸ਼ੇਸ਼ ਇਕੱਤਰਤਾ ਕਿਸੇ ਸਮੇਂ ਵੀ ਕਿਸੇ ਵਿਸ਼ੇਸ਼ ਕਾਰਜ ਸਲਾਹ ਮਸ਼ਵਰੇ ਲਈ ਸੱਦੀ ਜਾ ਸਕਦੀ ਹੈ। ਇਸ ਨਾਲ ਮਾਪਿਆਂ ਵਿੱਚ ਉਤਸ਼ਾਹ ਪੈਦਾ ਹੋਵੇਗਾ ਅਤੇ ਸਕੂਲ ਪ੍ਰਤੀ ਅਪਣੱਤ ਦੀ ਭਾਵਨਾ ਉਤਪੰਨ ਹੋਵੇਗੀ। ਇਨਾਮ ਵੰਡ ਸਮਾਰੋਹ ਜਾਂ ਹੋਰ ਸਮਾਗਮਾਂ ਸਮੇਂ ਮਾਪਿਆਂ ਦੇ ਸ਼ਾਮਲ ਹੋਣ ਨਾਲ ਆਪਣੇ ਬੱਚਿਆਂ ਦੀ ਚੰਗੇਰੀ ਕਾਰਗੁਜ਼ਾਰੀ ਵੇਖ ਕੇ ਮਾਪੇ ਆਪਣੇ 'ਤੇ ਮਾਣ ਮਹਿਸੂਸ ਕਰਨਗੇ । ਮਾਪਿਆਂ ਦੇ ਯੋਗ ਸੁਝਾਵਾਂ ਨੂੰ ਹਰ ਸਮੇਂ 'ਜੀ ਆਇਆਂ' ਆਖਿਆ ਜਾਵੇਗਾ।

## ਇਮਤਿਹਾਨ ਸੰਬੰਧੀ ਨਿਯਮ

1. ਇਮਤਿਹਾਨ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਸਮਾਂ ਸਾਰਣੀ ਅਨੁਸਾਰ ਹੀ ਲਏ ਜਾਣਗੇ।
2. ਬੋਰਡ ਵੱਲੋਂ ਨਿਸ਼ਚਿਤ ਇਮਤਿਹਾਨ ਫ਼ੀਸ ਹਰ ਵਿਦਿਆਰਥੀ ਲਈ ਦੇਣੀ ਜ਼ਰੂਰੀ ਹੈ।
3. ਵਿਦਿਆਰਥੀ ਨੂੰ ਉਸ ਦੀ ਕਾਰਗੁਜ਼ਾਰੀ ਅਤੇ ਅਨੁਸ਼ਾਸ਼ਨ ਦੇ ਅਧਾਰ ਉੱਤੇ ਇਮਤਿਹਾਨਾਂ ਵਿੱਚ ਇੰਟਰਨਲ (ਅੰਦਰੂਨੀ) ਅਸੈਸਮੈਂਟ ਦੇ ਅੰਕ ਦਿੱਤੇ ਜਾਣਗੇ।

ਵਿਦਿਆਰਥੀਆਂ ਦੇ ਵਿਦਿਅਕ ਯੋਗਤਾ ਪੱਧਰ ਨੂੰ ਅੰਕਣ ਲਈ ਹੇਠ ਲਿਖੀ ਗਰੇਡ ਪ੍ਰਣਾਲੀ ਵਰਤੀ ਜਾਂਦੀ ਹੈ।

| | |
|---|---|
| 90%-100% | A+ Grade |
| 80%-89% | A Grade |
| 70%-79% | B+ Grade |
| 60%-69% | B Grade |
| 50%-59% | C Grade |
| 40%-49% | D Grade |
| 30%-39% | E Grade |

## ਸ਼ਾਨਦਾਰ ਨਤੀਜੇ

### +2 ਸਾਇੰਸ ਗਰੁੱਪ



ਰਜਿੰਦਰ ਕੌਰ
(ਪਹਿਲਾ ਸਥਾਨ 92%)



ਮੁਸਕਾਨ ਕੌਰ
(ਦੂਜਾ ਸਥਾਨ 91%)



ਅਬਦੁਲ ਕਰੀਮ
(ਤੀਜਾ ਸਥਾਨ 91%)

### +2 ਆਰਟਸ ਗਰੁੱਪ



ਪ੍ਰਭਜੋਤ ਕੌਰ
(ਪਹਿਲਾ ਸਥਾਨ 93%)



ਖੁਸ਼ਦੀਪ ਕੌਰ
(ਦੂਜਾ ਸਥਾਨ 92.6%)



ਮਨਪ੍ਰੀਤ ਕੌਰ
(ਤੀਜਾ ਸਥਾਨ 90.6%)

# ਸਕੂਲ ਇੱਕ ਝਲਕ



ਫਿਜ਼ਿਕਸ ਲੈਬ



ਕੈਮਿਸਟਰੀ ਲੈਬ



ਰੀਡਿੰਗ ਰੂਮ



ਲਾਇਬਰੇਰੀ




ਬਾਇਓਲੋਜੀ ਲੈਬ




ਕੰਪਿਊਟਰ ਲੈਬ

# ਸਕੂਲ ਗਤੀਵਿਧੀਆਂ ਦੀਆਂ ਝਲਕਾਂ



ਨਹਿਰੂ ਯੁਵਾ ਕੇਂਦਰ ਮਾਨਸਾ ਵੱਲੋਂ ਕਰਵਾਏ ਯੁਵਾ ਉਤਸਵ ਦੌਰਾਨ
ਸੱਭਿਆਚਾਰਕ ਗਤੀਵਿਧੀਆਂ ਪੇਸ਼ ਕਰਦੀਆਂ ਵਿਦਿਆਰਥਣਾਂ


ਯੂਥ ਫੀਟ ਦੌਰਾਨ ਸਟਾਲ ਸਮੇਂ ਵਿਦਿਆਰਥੀ ਅਤੇ ਅਧਿਆਪਕ ਸਾਹਿਬਾਨ


ਵਿੱਦਿਅਕ ਟੂਰ ਦੀ ਯਾਦਗਾਰੀ ਤਸਵੀਰ


ਦਸਤਾਰ ਸਿਖਲਾਈ ਮੁਕਾਬਲੇ ਦੌਰਾਨ ਵਿਦਿਆਰਥੀਆਂ ਦੀ ਇੱਕ ਸਾਂਝੀ ਤਸਵੀਰ



ਅਧਿਆਪਕ ਦਿਵਸ ਮੌਕੇ ਸਮੂਹ ਸਟਾਫ, ਵਿਦਿਆਰਥੀ ਅਤੇ ਮੈਨੇਜਮੈਂਟ



ਵਿਦਾਇਗੀ ਪਾਰਟੀ ਸਮੇਂ ਪ੍ਰਿੰਸੀਪਲ ਸਾਹਿਬ ਅਤੇ ਵਿਦਿਆਰਥੀ

# ਮਾਈ ਭਾਗੋ ਡਿਗਰੀ ਕਾਲਜ, ਰੱਲਾ

## ਕਾਲਜ ਸਟਾਫ਼

1. ਡਾ. ਬਲਵਿੰਦਰ ਸਿੰਘ ਬਰਾੜ ਐਮ. ਏ. ਪੰਜਾਬੀ, ਪੀ-ਐੱਚ.ਡੀ.
2. ਅਸਿ. ਪ੍ਰੋ. ਬਲਜਿੰਦਰ ਕੌਰ ਐਮ. ਏ. ਪੰਜਾਬੀ, ਬੀ.ਐਡ., ਯੂ.ਜੀ.ਸੀ./ਨੈੱਟ, ਪੀ-ਐੱਚ.ਡੀ. (ਪ੍ਰਸੂਇੰਗ)
3. ਅਸਿ. ਪ੍ਰੋ. ਸਰਬਜੀਤ ਕੌਰ ਐਮ.ਏ. ਪੰਜਾਬੀ, ਯੂ.ਜੀ.ਸੀ./ਨੈੱਟ, ਬੀ.ਐਡ.
4. ਅਸਿ. ਪ੍ਰੋ. ਧੀਰਾ ਸਿੰਘ ਐਮ.ਏ. ਪੰਜਾਬੀ, ਯੂ.ਜੀ.ਸੀ./ਨੈੱਟ, ਬੀ.ਐਡ
5. ਅਸਿ. ਪ੍ਰੋ. ਪਰਗਟ ਸਿੰਘ ਐਮ.ਏ. (ਹਿਸਟਰੀ, ਪੰਜਾਬੀ, ਪੋਲੀਟੀਕਲ ਅਤੇ ਐਜੂਕੇਸ਼ਨ), ਬੀ.ਐਡ.
6. ਅਸਿ. ਪ੍ਰੋ. ਕੁਲਵਿੰਦਰ ਕੌਰ ਐਮ.ਏ. ਹਿੰਦੀ
7. ਅਸਿ: ਪ੍ਰੋ. ਹਰਪ੍ਰੀਤ ਸਿੰਘ ਐਮ.ਐਸ.ਸੀ.(ਆਈ.ਟੀ.), ਐਮ.ਫਿਲ.
8. ਅਸਿ. ਪ੍ਰੋ. ਵੀਰਪਾਲ ਕੌਰ ਐਮ.ਸੀ.ਏ., ਐਮ.ਐਸ.ਸੀ.ਆਈ.ਟੀ.
9. ਅਸਿ: ਪ੍ਰੋ. ਹਰਜੀਤ ਕੌਰ ਐਮ.ਸੀ.ਏ.
10. ਅਸਿ: ਪ੍ਰੋ. ਕੁਲਵਿੰਦਰ ਕੌਰ ਐਮ.ਸੀ.ਏ.
11. ਅਸਿ. ਪ੍ਰੋ. ਹਰਸ਼ ਰਾਣੀ ਐਮ.ਐਸ.ਸੀ (ਕੈਮਿਸਟਰੀ)
12. ਅਸਿ. ਪ੍ਰੋ. ਕੁਲਦੀਪ ਕੌਰ ਐਮ.ਐਸ.ਸੀ (ਬੋਟਨੀ)
13. ਅਸਿ. ਪ੍ਰੋ. ਪਾਰੁਲ ਗੁਪਤਾ ਐਮ.ਐਸ.ਸੀ (ਫਿਜ਼ਿਕਸ)
14. ਅਸਿ. ਪ੍ਰੋ. ਕੁਲਵੀਰ ਕੌਰ ਐਮ.ਏ. (ਅੰਗਰੇਜ਼ੀ), ਪੀ-ਐੱਚ.ਡੀ. (ਪ੍ਰਸੂਇੰਗ)
15. ਅਸਿ. ਪ੍ਰੋ. ਰਜਨੀ ਕੌਰ ਐਮ.ਏ. (ਅੰਗਰੇਜ਼ੀ)
16. ਅਸਿ. ਪ੍ਰੋ. ਗੁਰਪ੍ਰੀਤ ਸਿੰਘ ਐਮ.ਏ. (ਅੰਗਰੇਜ਼ੀ)
17. ਅਸਿ. ਪ੍ਰੋ. ਸਮਸ਼ੇਰ ਸਿੰਘ ਐਮ.ਏ. (ਰਾਜਨੀਤੀ ਸ਼ਾਸ਼ਤਰ), ਯੂ.ਜੀ.ਸੀ. ਨੈੱਟ
18. ਅਸਿ. ਪ੍ਰੋ. ਲਖਬੀਰ ਕੌਰ ਐਮ.ਏ. (ਹਿਸਟਰੀ), ਬੀ.ਐਡ., ਐਮ.ਐਡ
19. ਅਸਿ. ਪ੍ਰੋ. ਪਰਮਜੀਤ ਕੌਰ ਬੀ.ਐਸ.ਸੀ. ਆਨਰਜ਼ (ਮੈਥ), ਐਮ.ਐਸ.ਸੀ. (ਮੈਥ)
20. ਅਸਿ. ਪ੍ਰੋ. ਚਮਕੌਰ ਸਿੰਘ ਬੀ.ਪੀ.ਐਡ., ਐਮ.ਪੀ.ਐਡ.
21. ਅਸਿ. ਪ੍ਰੋ. ਸੁਖਵੀਰ ਕੌਰ ਐਮ.ਐਸ.ਸੀ (ਫੈਸ਼ਨ ਡਿਜ਼ਾਇੰਨਗ ਅਤੇ ਟੈਕਨਾਲੋਜੀ)
22. ਜਸਪ੍ਰੀਤ ਕੌਰ ਬੀ.ਏ., ਬੀ.ਐਡ., ਬੀ.ਲਿਬ., ਐਮ.ਲਿਬ.

### ਦਫ਼ਤਰੀ ਪ੍ਰਸ਼ਾਸਕ (Office Administrator)

ਲਵਪ੍ਰੀਤ ਕੌਰ (LOVEPREET KAUR)

ਐਮ.ਏ. (ਰਾਜਨੀਤੀ ਸ਼ਾਸਤਰ), ਬੀ.ਐਡ.

### ਦਫ਼ਤਰੀ ਸਟਾਫ਼

**ਸ੍ਰ. ਗੁਰਤੇਜ ਸਿੰਘ**

ਪੀ.ਜੀ.ਡੀ.ਸੀ.ਏ., ਐਮ.ਏ., ਬੀ.ਐਡ., ਪੀ.ਐੱਸ.ਟੈੱਟ

**ਸ੍ਰ. ਕੁਲਦੀਪ ਸਿੰਘ**

ਪੀ.ਜੀ.ਡੀ.ਸੀ.ਏ., ਐਮ.ਏ. (ਅੰਗਰੇਜੀ)

**ਸ੍ਰ. ਚਮਕੌਰ ਸਿੰਘ**

ਐਮ.ਏ. (ਹਿਸਟਰੀ)

**ਵਧੇਰੇ ਜਾਣਕਾਰੀ ਲਈ ਸੰਪਰਕ**

1. ਪ੍ਰਿੰਸੀਪਲ ਆਫਿਸ ਨੰ. 98155-80411
2. ਟਰਾਂਸਪੋਰਟ ਸੰਬੰਧੀ ਜਾਣਕਾਰੀ ਲਈ ਸੰਪਰਕ ਨੰ. ਮਨਜੀਤ ਸਿੰਘ 98727-90006
3. ਐਮਰਜੈਂਸੀ ਅਤੇ ਹੋਰ ਕਿਸੇ ਵੀ ਪ੍ਰਕਾਰ ਦੇ ਕੰਮਕਾਜ ਸਬੰਧੀ ਨੰ. 97158-00006

# ਬੀ.ਏ. ਕੋਰਸ (4 ਸਾਲਾ)

Under NEP-2020

**ਉਦੇਸ਼:**

- ਵਿਦਿਆਰਥੀਆਂ ਵਿੱਚ ਵਿਹਾਰਕ ਚਿੰਤਨ ਦੀ ਰੁਚੀ ਪੈਦਾ ਕਰਨੀ।
- ਵਿਦਿਆਰਥੀਆਂ ਨੂੰ ਸਾਹਿਤ ਸੱਭਿਆਚਾਰ ਦੇ ਉਥਾਨ ਵਾਸਤੇ ਨਿਰੰਤਰ ਪ੍ਰੇਰਿਤ ਕਰਨਾ।
- ਵਿਦਿਆਰਥੀਆਂ ਨੂੰ ਜੀਵਨ ਪ੍ਰਤੀ ਸੁਚੱਜੀ ਸੋਚ ਬਣਾਉਣ ਲਈ ਤਿਆਰ ਕਰਨਾ।
- ਵਿਦਿਆਰਥੀਆਂ ਨੂੰ ਸੱਭਿਅਕ, ਕਿੱਤਾ ਮੁਖੀ, ਮਾਨਵੀ ਮੁੱਲਾਂ ਪ੍ਰਤੀ ਜਾਗਰੂਕ ਕਰਨਾ ।

**ਯੋਗਤਾ :–** ਬਾਰਵੀਂ ਪਾਸ

**ਸਮਾਂ ਅਵਧੀ :–** ਚਾਰ ਸਾਲ (8 ਸਮੈਸਟਰ)

**ਵਿਸ਼ੇ :–** 1. ਪੰਜਾਬੀ ਲਾਜ਼ਮੀਂ

2. ਹਰੇਕ ਵਿਦਿਆਰਥੀ ਚੋਣਵੇਂ ਵਿਸ਼ਿਆਂ ਦੇ ਸਾਹਮਣੇ ਦਿੱਤੇ ਗਰੁੱਪਾਂ ਵਿੱਚੋਂ 3 ਮੇਜਰ ਅਤੇ 1 ਮਾਇਨਰ ਵਿਸ਼ਾ ਚੁਣੇਗਾ । ਕਿਸੇ ਵੀ ਇੱਕ ਗਰੁੱਪ ਵਿੱਚੋਂ ਇੱਕ ਹੀ ਵਿਸ਼ਾ ਚੁਣਿਆ ਜਾ ਸਕਦਾ ਹੈ ।

ਗਰੁੱਪ A ਅਰਥਸ਼ਾਸ਼ਤਰ
ਗਰੁੱਪ B ਇਤਿਹਾਸ/ਗਣਿਤ
ਗਰੁੱਪ C ਪੰਜਾਬੀ ਸਾਹਿਤ/ਹਿੰਦੀ ਸਾਹਿਤ/ਅੰਗਰੇਜ਼ੀ ਸਾਹਿਤ
ਗਰੁੱਪ D ਸਰੀਰਕ ਸਿੱਖਿਆ/ਫੈਸ਼ਨ ਡਿਜ਼ਾਇਨਿੰਗ
ਗਰੁੱਪ E ਕੰਪਿਊਟਰ ਐਪਲੀਕੇਸ਼ਨ/ਮਿਊਜ਼ੀਕਲ (ਵੋਕਲ) ਭੂਗੋਲ
ਗਰੁੱਪ F ਜਰਨਲਿਜ਼ਮ ਅਤੇ ਰਾਜਨੀਤੀ ਸ਼ਾਸਤਰ
ਮਾਸ-ਕਮਿਊਨੀਕੇਸ਼ਨ/ਧਰਮ ਸਿੱਖਿਆ
ਗਰੁੱਪ G ਸ਼ੋਸ਼ਿਓਲੋਜੀ

**ਇਸ ਤੋਂ ਇਲਾਵਾ NEP 2020 ਸਿਲੇਬਸ ਨਿਮਨਲਿਖਤ ਅਨੁਸਾਰ ਹਰੇਕ ਗਰੁੱਪ ਵਿੱਚੋਂ 1-1 ਵਿਸ਼ਾ ਚੁਣਨਾ ਲਾਜ਼ਮੀ ਹੋਵੇਗਾ ।**

ਗਰੁੱਪ SEC (Skill Enhancement Course)
ਗਰੁੱਪ IDC (Inter Discipline Course)
ਗਰੁੱਪ VAC (Value Added Course)
ਗਰੁੱਪ AEC (Ability Enhancement Course)

ਨੋਟ : ਬੀ.ਏ. ਭਾਗ ਤੀਜਾ ਲਈ ਚੋਣਵੇਂ ਵਿਸ਼ੇ ਪਹਿਲਾਂ ਵਾਂਗ ਹੀ ਰਹਿਣਗੇ ।

- ਪੰਜਾਬੀ ਲਾਜ਼ਮੀਂ ਵਿਸ਼ੇ ਦੀ ਛੋਟ ਯੂਨੀਵਰਸਿਟੀ ਨਿਯਮਾਂ ਅਨੁਸਾਰ ਸਿਰਫ ਉਹਨਾਂ ਵਿਦਿਆਰਥੀਆਂ ਨੂੰ ਹੀ ਮਿਲ ਸਕਦੀ।ਜਿਨ੍ਹਾਂ ਨੇ ਦਸਵੀਂ ਜਾਂ ਬਾਰਵੀਂ ਪੰਜਾਬ ਤੋਂ ਬਾਹਰ ਦੀ ਸਟੇਟ ਤੋਂ ਕੀਤੀ ਹੋਵੇ ਇਸ ਵਿਸ਼ੇ ਦੀ ਥਾਂ ਪੰਜਾਬੀ ਮੁੱਢਲਾ ਗਿਆਨ ਦਾ ਵਿਸ਼ਾ ਪੜ੍ਹਨਾ ਪਵੇਗਾ।
- ਸਰੀਰਕ ਸਿੱਖਿਆ ਵਿਸ਼ੇ ਦੀਆਂ ਸੀਟਾਂ ਲਈ ਟਰਾਇਲ ਹੋਣਗੇ। ਖਿਡਾਰੀਆਂ ਨੂੰ ਪਹਿਲ ਦੇ ਅਧਾਰ 'ਤੇ ਵਿਚਾਰਿਆ ਜਾਵੇਗਾ। ਸਰੀਰਕ ਸਿੱਖਿਆ ਵਿਸ਼ਾ ਲੈਣ ਵਾਲੇ ਵਿਦਿਆਰਥੀਆਂ ਨੂੰ ਘੱਟੋ-ਘੱਟ ਇੱਕ ਖੇਡ ਮੁਕਾਬਲੇ ਵਿੱਚ ਭਾਗ ਲੈਣਾ ਲਾਜ਼ਮੀਂ ਹੋਵੇਗਾ । ਅਪੰਗ ਵਿਦਿਆਰਥਣਾਂ ਨੂੰ ਸਰੀਰਕ ਸਿੱਖਿਆ ਵਿਸ਼ਾ ਨਹੀਂ ਦਿੱਤਾ ਜਾਵੇਗਾ।

## ਚਮਕਦੇ ਸਿਤਾਰੇ



ਹਰਪ੍ਰੀਤ ਕੌਰ
ਪਹਿਲਾ ਸਥਾਨ



ਅਰਸ਼ਦੀਪ ਸਿੰਘ
ਦੂਜਾ ਸਥਾਨ



ਰਮਨਜੋਤ ਕੌਰ
ਤੀਸਰਾ ਸਥਾਨ

# ਬੀ.ਐਸ.ਸੀ. ਕੋਰਸ (4 ਸਾਲਾ)

Under NEP-2020

## ਮੈਡੀਕਲ ਅਤੇ ਨਾਨ-ਮੈਡੀਕਲ ਵਿਭਾਗ

**ਉਦੇਸ਼:**

- ਵਿਦਿਆਰਥੀਆਂ ਵਿੱਚ ਸਰੀਰਕ ਅਤੇ ਆਲੇ-ਦੁਆਲੇ ਹੋ ਰਹੀਆਂ ਕੁਦਰਤੀ ਕਿਰਿਆਵਾਂ ਨੂੰ ਸਮਝਣ ਦੀ ਉਤਸੁਕਤਾ ਪੈਦਾ ਕਰਨਾ।
- ਵਿਦਿਆਰਥੀਆਂ ਨੂੰ ਸਾਇੰਸ ਖੇਤਰ ਵਿੱਚ ਪ੍ਰਯੋਗ ਦੇ ਮਾਧਿਅਮ ਰਾਹੀਂ ਤਜ਼ਰਬੇਕਾਰ ਬਣਾਉਣਾ।
- ਵਿਦਿਆਰਥੀਆਂ ਨੂੰ ਡੂੰਘਾਈ ਵਿੱਚ ਸਾਇੰਸ ਵਿਸ਼ੇ ਦਾ ਗਿਆਨ ਦੇਣਾ ਤਾਂ ਜੋ ਉਹ ਆਪਣੇ ਆਪ ਨੂੰ ਵਧੀਆ ਖੋਜੀ,ਅਧਿਆਪਕ, ਵਿਗਿਆਨਕ ਅਤੇ ਕਿੱਤਾ ਮੁਖੀ ਸਾਬਤ ਕਰ ਸਕਣ।



**ਯੋਗਤਾ :-** ਬਾਰਵੀਂ ਪਾਸ (ਮੈਡੀਕਲ/ਨਾਨ-ਮੈਡੀਕਲ)

**ਸਮਾਂ ਅਵਧੀ :-** ਚਾਰ ਸਾਲ (8 ਸਮੈਸਟਰ)


**ਵਿਸ਼ੇਸ਼ਤਾਵਾਂ :-**

- ਕਾਲਜ ਵਿੱਚ ਵਿਦਿਆਰਥੀਆਂ ਦੇ ਲਈ ਆਧੁਨਿਕ ਕਿਸਮ ਦੀਆਂ ਫਿਜਿਕਸ ਲੈਬ, ਕਮਿਸਟਰੀ ਲੈਬ, ਬੋਟਨੀ ਲੈਬ ਅਤੇ ਜੁਆਲੋਜੀ ਲੈਬ ਮੌਜੂਦ ਹਨ।
- ਵਿਦਿਆਰਥੀਆਂ ਨੂੰ ਸਾਇੰਸ ਵਿਸ਼ੇ ਬਾਰੇ ਵਧੀਆ ਜਾਣਕਾਰੀ ਦੇਣ ਲਈ ਯੋਗ ਅਤੇ ਨਿਪੁੰਨ ਅਧਿਆਪਕ ਹਨ।
- ਵਿਦਿਆਰਥੀਆਂ ਨੂੰ ਸਮੇਂ-ਸਮੇਂ ਤੇ ਸੈਮੀਨਾਰ,ਵਰਕਸ਼ਾਪ ਅਤੇ ਕਾਨਫਰੰਸਾਂ ਰਾਹੀਂ ਮੰਨੇ ਪ੍ਰਮੰਨੇ ਸਾਇੰਸਦਾਨਾਂ ਨਾਲ ਰੂ-ਬ-ਰੂ ਕਰਵਾਇਆ ਜਾਂਦਾ ਹੈ।

## ਚਮਕਦੇ ਸਿਤਾਰੇ



ਹਰਪ੍ਰੀਤ ਕੌਰ
ਪਹਿਲਾ ਸਥਾਨ



ਅਮਨਦੀਪ ਸ਼ਰਮਾ
ਦੂਜਾ ਸਥਾਨ



ਗੁਰਦੀਪ ਕੌਰ
ਤੀਸਰਾ ਸਥਾਨ

# ਕੰਪਿਊਟਰ ਵਿਭਾਗ

**ਉਦੇਸ਼:**

- ਵਿਦਿਆਰਥੀਆਂ ਨੂੰ ਕੰਪਿਊਟਰ ਸਿੱਖਿਆ ਦੁਆਰਾ ਸੰਸਾਰ ਪੱਧਰ ਤੇ ਹੋ ਰਹੀਆਂ ਤਬਦੀਲੀਆਂ ਤੋਂ ਜਾਣੂ ਕਰਵਾਉਣਾ।
- ਤਕਨੀਕੀ ਪੱਖ ਤੋਂ ਵਿਦਿਆਰਥੀਆਂ ਨੂੰ ਸਿੱਖਿਅਤ ਕਰਕੇ ਸੰਸਾਰ ਪੱਧਰ ਦੇ ਅਨੁਕੂਲ ਬਣਾਉਣਾ।
- ਵਿਦਿਆਰਥੀਆਂ ਨੂੰ ਕੰਪਿਊਟਰ ਦੀਆਂ ਉੱਚ-ਪੱਧਰੀ ਤਕਨੀਕਾਂ ਅਤੇ ਓਪਰੇਟਿੰਗ ਸਿਸਟਮ ਬਾਰੇ ਜਾਣਕਾਰੀ ਦੇਣੀ।
- ਵਿਦਿਆਰਥੀਆਂ ਨੂੰ ਆਧੁਨਿਕ ਸਾਫਟਵੇਅਰ ਅਤੇ ਇੰਜਨੀਅਰਿੰਗ ਦੇ ਸਿਧਾਤਾਂ ਤੋਂ ਜਾਣੂ ਕਰਵਾਉਣਾ।

| ਅੰਡਰ ਗਰੈਜੂਏਟ ਕੋਰਸ | ਪੋਸਟ ਗਰੈਜੂਏਟ ਕੋਰਸ | | |
|---|---|---|---|
| **ਬੀ.ਸੀ.ਏ.** | **ਪੀ.ਜੀ.ਡੀ.ਸੀ.ਏ.** | **ਐਮ.ਐਸ.ਸੀ.(ਆਈ.ਟੀ.)** | **ਐਮ.ਐਸ.ਸੀ.(ਆਈ.ਟੀ.) ਲੇਟਰਲ ਐਂਟਰੀ** |
| ਯੋਗਤਾ<br>ਬਾਰਵੀਂ ਪਾਸ | ਯੋਗਤਾ<br>ਗਰੈਜੂਏਸ਼ਨ ਪਾਸ (ਕਿਸੇ ਵੀ ਵਿਸ਼ੇ ਵਿੱਚ) | ਯੋਗਤਾ<br>ਗਰੈਜੂਏਸ਼ਨ,50% SC/ST 45% | ਯੋਗਤਾ<br>ਪੀ.ਜੀ.ਡੀ.ਸੀ.ਏ. |
| ਸਮਾਂ ਅਵਧੀ<br>ਤਿੰਨ ਸਾਲ (6 ਸਮੈਸਟਰ) | ਸਮਾਂ ਅਵਧੀ<br>ਇੱਕ ਸਾਲ (2 ਸਮੈਸਟਰ) | ਸਮਾਂ ਅਵਧੀ<br>ਦੋ ਸਾਲ (4 ਸਮੈਸਟਰ) | ਸਮਾਂ ਅਵਧੀ<br>ਇੱਕ ਸਾਲ (2 ਸਮੈਸਟਰ) |

## ਵਿਸ਼ੇਸ਼ਤਾਵਾਂ

1. ਕਾਲਜ ਵਿੱਚ ਆਧੁਨਿਕ ਕਿਸਮ ਦੀਆਂ ਏ.ਸੀ.ਕੰਪਿਊਟਰ ਲੈਬਜ਼।
2. ਕਾਲਜ ਵਿੱਚ ਇੰਟਰਨੈੱਟ ਸੁਵਿਧਾ।
3. ਯੋਗ ਅਤੇ ਨਿਪੁੰਨ ਅਧਿਆਪਕ।
4. ਆਧੁਨਿਕ ਕਿਸਮ ਦੀ ਵਧੀਆ ਲਾਇਬ੍ਰੇਰੀ।
5. ਵਿਦਿਆਰਥੀਆਂ ਨੂੰ ਸਮਾਰਟ ਕਲਾਸ ਅਤੇ ਪ੍ਰੋਜੈਕਟਰ ਵਿਧੀ ਰਾਹੀਂ ਪੜ੍ਹਾਇਆ ਜਾਂਦਾ ਹੈ।
6. ਸੈਮੀਨਾਰ,ਵਰਕਸ਼ਾਪ ਅਤੇ ਕਾਨਫਰੰਸਾਂ ਰਾਹੀਂ ਵਿਸ਼ੇਸ਼ ਸਖ਼ਸ਼ੀਅਤਾਂ ਨਾਲ ਰੂ-ਬ-ਰੂ ਕਰਵਾਇਆ ਜਾਂਦਾ ਹੈ।

## ਚਮਕਦੇ ਸਿਤਾਰੇ



ਗਗਨਦੀਪ ਕੌਰ
ਬੀ.ਸੀ.ਏ.
ਪਹਿਲਾ ਸਥਾਨ



ਰਮਨਦੀਪ ਕੌਰ
ਬੀ.ਸੀ.ਏ.
ਦੂਸਰਾ ਸਥਾਨ



ਗਗਨਦੀਪ ਕੌਰ
ਬੀ.ਸੀ.ਏ.
ਤੀਸਰਾ ਸਥਾਨ



ਰਮਨਪ੍ਰੀਤ ਕੌਰ
ਐਮ.ਐਸ.ਸੀ. (IT)
ਪਹਿਲਾ ਸਥਾਨ



ਅਮਨਦੀਪ ਕੌਰ
ਐਮ.ਐਸ.ਸੀ. (IT)
ਦੂਸਰਾ ਸਥਾਨ



ਰਮਨਪ੍ਰੀਤ ਕੌਰ
ਐਮ.ਐਸ.ਸੀ. (IT)
ਤੀਸਰਾ ਸਥਾਨ

## ਐਮ.ਏ. ਪੰਜਾਬੀ

ਉਦੇਸ਼:
- ਪੰਜਾਬੀ ਭਾਸ਼ਾ ਦਾ ਸੰਪੂਰਨ ਅਧਿਐਨ ਕਰਵਾਉਣਾ।
- ਪੰਜਾਬੀ ਭਾਸ਼ਾ ਸਾਹਿਤ, ਸੱਭਿਆਚਾਰ ਦੇ ਉਥਾਨ ਵਾਸਤੇ ਨਿਰੰਤਰ ਪ੍ਰੇਰਿਤ ਕਰਨਾ।
- ਪੰਜਾਬੀ ਸਾਹਿਤ ਸਿਧਾਤਾਂ ਦੁਆਰਾ ਵਿਦਿਆਰਥੀਆਂ ਵਿੱਚ ਵਿਹਾਰਕ ਚਿੰਤਨ ਦੀ ਰੁਚੀ ਪੈਦਾ ਕਰਨੀ।
- ਪੰਜਾਬੀ ਭਾਸ਼ਾ ਦਾ ਦੂਸਰੀਆਂ ਭਾਸ਼ਾਵਾਂ ਨਾਲ ਤੁਲਨਾਤਮਕ ਅਧਿਐਨ ਕਰਵਾਉਣਾ।
- ਵਿਦਿਆਰਥੀਆਂ ਨੂੰ ਜੀਵਨ ਵਿੱਚ ਆਉਣ ਵਾਲੀਆਂ ਮੁਸ਼ਕਲਾਂ ਦਾ ਸਕਾਰਾਤਮਿਕ ਰੂਪ ਵਿੱਚ ਸਾਹਮਣਾ ਕਰ ਸਕਣ ਅਤੇ ਕਿੱਤਾ ਮੁਖੀ ਬਣਾਉਣਾ।

ਯੋਗਤਾ :- ਗਰੈਜੂਏਸ਼ਨ ਵਿੱਚ 50% ਅੰਕ (ਐਸ.ਸੀ./ਐਸ.ਟੀ.ਲਈ 45%)

ਸਮਾਂ ਅਵਧੀ :- 2 ਸਾਲ (4 ਸਮੈਸਟਰ)

ਵਿਸ਼ੇਸ਼ਤਾਵਾਂ :-
- ਕਾਲਜ ਵਿੱਚ ਯੋਗ ਅਤੇ ਨਿਪੁੰਨ ਅਧਿਆਪਕ।
- ਵਧੀਆ ਅਤੇ ਆਧੁਨਿਕ ਕਿਸਮ ਦੀ ਲਾਇਬ੍ਰੇਰੀ ਦੁਆਰਾ ਸਵੈ-ਅਧਿਐਨ ਦੀ ਰੁਚੀ ਵਿਕਸਿਤ ਕਰਨਾ।
- ਸਾਹਿਤ ਸਭਾ ਦੇ ਜ਼ਰੀਏ ਵਿਦਿਆਰਥੀਆਂ ਨੂੰ ਵਿਹਾਰਕ ਚਿੰਤਨ ਕਰਾਉਣਾ।
- ਵਿਦਿਆਰਥੀਆਂ ਨੂੰ ਸੈਮੀਨਾਰ,ਵਰਕਸ਼ਾਪ ਅਤੇ ਕਾਨਫ਼ਰੰਸਾਂ ਰਾਹੀਂ ਵਿਸ਼ੇਸ਼ ਸਖਸ਼ੀਅਤਾਂ ਦੇ ਰੂ-ਬ-ਰੂ ਕਰਵਾਇਆ ਜਾਂਦਾ ਹੈ।
- ਵਿਦਿਆਰਥੀਆਂ ਦੀ ਪ੍ਰਤਿਭਾ ਨੂੰ ਦੇਖਦੇ ਹੋਏ ਮੌਲਿਕ ਚਿੰਤਨ ਵੱਲ ਰੁਚਿਤ ਕੀਤਾ ਜਾਂਦਾ ਹੈ।

## एम.ए. हिंदी


- हिंदी साहित्य के प्रति छात्रों में जागृति लाना।
- हिंदी भाषा के माध्यम से छात्रों का सर्वव्यापक विकास करना।
- हिंदी भाषा का अन्य विषयों से सामंजस्य स्थापित करना। क्षेत्र में महाविद्यालय को हिंदी के एक विशेष केंद्र के रूप में स्थापित करना।

योग्यता : बी.ए में कुल अंक **50%** और क्रमिक वृद्धि में कुल अंक **50% (SC/S.T45%)** होने अनिवार्य हैं।
समय अवधि : दो वर्ष (**4** सैमेस्टर)

विशेषताऐं :
- हिंदी का चहुँमुखी विकास करने हेतु संस्थान व विभाग सदैव प्रयासरत रहेगा।
- हिंदी के प्रति छात्रों में रूचि जगाने हेतु समय-समय पर कार्यशालाओं, गोष्ठियों का आयोजन करवाया जाता है।
- आशुभाषण, निबंध लेखन, कविता वाचन जैसी साहित्यक गतिविधियों द्वारा छात्रों में प्रतिभा सृजन का प्रयास।
- हिंदी शिक्षण हेतु आधुनिक तकनीकि, शैक्षणिक पद्धतियों का प्रयोग करने हेतु प्रोजेक्टर, ऑडियो-विडियो उपकरणों से अध्ययन करवाया जाता है।
- साहित्यकारों पत्रकारों व विभिन्न क्षेत्रों के विद्धवानो से छात्रों का मार्गदर्शन करवाया जाता है।

## ਚਮਕਦੇ ਸਿਤਾਰੇ


ਨਵਜੋਤ ਕੌਰ
ਪਹਿਲਾ ਸਥਾਨ


ਸ਼ਰਨਜੀਤ ਕੌਰ
ਦੂਜਾ ਸਥਾਨ


ਜਸਨੂਰ ਕੌਰ
ਤੀਸਰਾ ਸਥਾਨ


ਮਨਪ੍ਰੀਤ ਕੌਰ
ਤੀਸਰਾ ਸਥਾਨ

# ਮਾਈ ਭਾਗੋ ਕਾਲਜ ਆਫ਼ ਐਜੂਕੇਸ਼ਨ, ਰੱਲਾ

## ਕਾਲਜ ਸਟਾਫ਼

1. ਡਾ. ਪਰਮਿੰਦਰ ਕੁਮਾਰੀ, ਪ੍ਰਿੰਸੀਪਲ
   ਐਮ.ਏ., ਬੀ.ਐੱਡ., ਐਮ.ਐਡ., ਐਮ.ਫਿਲ., ਯੂ.ਜੀ.ਸੀ. ਨੈੱਟ (ਐਜੂਕੇਸ਼ਨ ਤੇ ਹਿੰਦੀ), ਪੀ-ਐਚ.ਡੀ.
2. ਡਾ. ਕਮਲਪ੍ਰੀਤ ਕੌਰ ਐਮ. ਏ. (ਐਜੂਕੇਸ਼ਨ), ਐੱਮ.ਐਡ., ਯੂ.ਜੀ.ਸੀ./ਨੈੱਟ, ਪੀ.ਐੱਚ.ਡੀ.
3. ਅਸਿ. ਪ੍ਰੋ. ਜਸਵੀਰ ਕੌਰ ਮਾਨ ਐਮ. ਏ. (ਹਿੰਦੀ, ਐਜੂਕੇਸ਼ਨ) ਯੂ.ਜੀ.ਸੀ./ਨੈੱਟ (ਐਜੂਕੇਸ਼ਨ)
4. ਅਸਿ. ਪ੍ਰੋ. ਮਨਪ੍ਰੀਤ ਕੌਰ ਚਹਿਲ ਐਮ.ਐਸ.ਸੀ. (ਬਾਇਓ ਟੈਕਨਾਲੋਜੀ), ਐੱਮ.ਐੱਡ
5. ਅਸਿ. ਪ੍ਰੋ. ਲਖਬੀਰ ਕੌਰ ਐਮ.ਏ., ਬੀ.ਐੱਡ, ਐੱਮ. ਐੱਡ
6. ਅਸਿ. ਪ੍ਰੋ. ਸ਼ਰਨਜੀਤ ਸਿੰਘ ਐਮ. ਏ. (ਹਿੰਦੀ ਅਤੇ ਅੰਗਰੇਜ਼ੀ), ਐੱਮ.ਐੱਡ.
7. ਅਸਿ. ਪ੍ਰੋ. ਗਗਨਦੀਪ ਕੌਰ ਐਮ. ਏ. ਪੰਜਾਬੀ, ਐੱਮ.ਐੱਡ.
8. ਅਸਿ. ਪ੍ਰੋ. ਅਮਨਦੀਪ ਕੌਰ ਐਮ.ਏ. (ਪੰਜਾਬੀ), ਐੱਮ.ਐੱਡ
9. ਅਸਿ. ਪ੍ਰੋ. ਮਨਪ੍ਰੀਤ ਕੌਰ ਸਿੱਧੂ ਐਮ.ਏ. (ਫਿਲਾਸਫੀ), ਐੱਮ.ਐੱਡ, ਯੂ.ਜੀ.ਸੀ./ਨੈੱਟ
10. ਅਸਿ. ਪ੍ਰੋ. ਕੁਲਦੀਪ ਕੌਰ ਐਮ.ਐਸ.ਸੀ. (ਬੋਟਨੀ), ਐਮ.ਏ. (ਐਜੂਕੇਸ਼ਨ), ਐੱਮ.ਐੱਡ.

- ਵਧੇਰੇ ਜਾਣਕਾਰੀ ਲਈ ਸੰਪਰਕ ਨੰਬਰ : 98155-80411

## ਸ਼ਾਨਦਾਰ ਨਤੀਜੇ



ਆਸ਼ਿਮਾ
ਪਹਿਲਾ ਸਥਾਨ
81.6%



ਗੁਰਪ੍ਰੀਤ ਕੌਰ
ਦੂਸਰਾ ਸਥਾਨ
80.6%



ਭਾਵਨਾ ਗੋਇਲ
ਤੀਸਰਾ ਸਥਾਨ
79.4%

### ਐੱਮ.ਏ. (ਐਜੂਕੇਸ਼ਨ) (ਦੋ ਸਾਲਾਂ ਦੇ ਪ੍ਰੋਗਰਾਮ) ਵਿੱਚ ਦਾਖਲੇ ਦੇ ਮਾਪਦੰਡ

- ਮਾਸਟਰ ਆਫ਼ ਆਰਟਸ (ਐਜੂਕੇਸ਼ਨ) ਦੀ ਡਿਗਰੀ ਲਈ ਇਮਤਿਹਾਨ ਚਾਰ ਭਾਗਾਂ ਵਿੱਚ ਆਯੋਜਿਤ ਕੀਤਾ ਜਾਂਦਾ ਹੈ, ਜਿਸਨੂੰ M.A ਸਮੈਸਟਰ-I, M.A ਸਮੈਸਟਰ-II, M.A ਸਮੈਸਟਰ-III ਅਤੇ M.A ਸਮੈਸਟਰ-IV ਕਿਹਾ ਜਾਂਦਾ ਹੈ। ਇਮਤਿਹਾਨ ਦਸੰਬਰ/ਜਨਵਰੀ ਅਤੇ ਅਪ੍ਰੈਲ/ਮਈ ਦੇ ਮਹੀਨਿਆਂ ਜਾਂ ਯੂਨੀਵਰਸਿਟੀ ਦੁਆਰਾ ਨਿਸ਼ਚਿਤ ਕੀਤੀਆਂ ਅਜਿਹੀਆਂ ਹੋਰ ਮਿਤੀਆਂ ਵਿੱਚ ਆਯੋਜਿਤ ਕੀਤੇ ਜਾਂਦੇ ਹਨ।
- ਯੋਗਤਾ :- ਗਰੈਜੂਏਸ਼ਨ ਵਿੱਚ 50% ਅੰਕ (ਐਸ.ਸੀ./ਐਸ.ਟੀ. ਲਈ 45%)
- ਮਿਆਦ - 2 ਸਾਲ (4 ਸਮੈਸਟਰ)

## ਬੀ.ਐੱਡ. (ਦੋ ਸਾਲਾਂ ਦੇ ਪ੍ਰੋਗਰਾਮ) ਵਿੱਚ ਦਾਖਲੇ ਸੰਬੰਧੀ ਮਾਪਦੰਡ

1. ਬੀ. ਐੱਡ. ਸ਼ੈਸ਼ਨ 2025-27 ਵਿਚ ਦਾਖਲੇ ਲਈ ਯੋਗਤਾ ਪ੍ਰਵੇਸ਼ ਪ੍ਰੀਖਿਆ ਲਾਜ਼ਮੀ ਹੈ।
2. ਘੱਟੋ-ਘੱਟ 50% ਅੰਕਾਂ ਵਾਲਾ ਉਮੀਦਵਾਰ ਜਾਂ ਤਾਂ ਬੈਚੂਲਰ ਡਿਗਰੀ ਜਾਂ ਮਾਸਟਰ ਡਿਗਰੀ ਜਾਂ ਕਿਸੇ ਹੋਰ ਯੋਗਤਾ ਵਿਚ ਇਸਦੇ ਬਰਾਬਰ ਬੀ.ਐੱਡ. ਪ੍ਰੋਗਰਾਮ ਵਿਚ ਦਾਖਲੇ ਲਈ ਯੋਗ ਹਨ।
3. ਐੱਸ.ਸੀ, ਐੱਸ.ਟੀ, ਓ.ਬੀ.ਸੀ ਤੇ ਹੋਰ ਸ਼੍ਰੇਣੀਆਂ ਦੇ ਉਮੀਦਵਾਰ ਲਈ ਰਾਖਵਾਂਕਰਨ ਕੇਂਦਰ/ਰਾਜ ਸਰਕਾਰ ਦੇ ਨਿਯਮਾਂ ਅਨੁਸਾਰ ਹੋਵੇਗਾ,ਜੋ ਵੀ ਲਾਗੂ ਹੁੰਦਾ ਹੈ। ਐੱਸ.ਸੀ, ਐੱਸ.ਟੀ, ਓ. ਬੀ. ਸੀ (ਆਰਥਿਕ ਤੌਰ 'ਤੇ ਪਿਛੜੇ ਲੋਕਾਂ ਨੂੰ ਛੱਡ ਕੇ) ਦੇ ਹੱਕ ਵਿਚ 5% ਅੰਕਾਂ ਦੀ ਛੋਟ ਹੋਵੇਗੀ।
4. ਉਮੀਦਵਾਰ ਨੇ ਬੈਚੂਲਰ ਪੱਧਰ/ਮਾਸਟਰ ਪੱਧਰ 'ਤੇ ਘੱਟੋ-ਘੱਟ ਤਿੰਨ ਸਾਲਾਂ ਲਈ ਵਿਸ਼ਾ ਸੁਮੇਲ ਦੇ ਮੁੱਖ ਵਿਸ਼ਿਆਂ ਦਾ ਅਧਿਐਨ ਕੀਤਾ ਹੋਣਾ ਚਾਹੀਦਾ ਹੈ। ਆਨਰਜ਼ ਦੇ ਵਿਦਿਆਰਥੀ ਮੁੱਖ ਵਿਸ਼ੇ ਦੀ ਚੋਣ ਕਰਨਗੇ, ਜਿਸ ਵਿਚ ਉਹਨਾਂ ਨੇ ਆਨਰਜ਼ ਪ੍ਰਾਪਤ ਕੀਤੇ ਹਨ।
5. ਉਮੀਦਵਾਰ ਨੂੰ ਦਾਖਲਾ ਨਿਯਮਾਂ/ਨੀਤੀਆਂ/ਨਿਯਮਾਂ/ਪੰਜਾਬ ਸਰਕਾਰ/ ਦੁਆਰਾ ਬਣਾਏ ਗਏ ਨਿਯਮਾਂ ਦੀ ਪਾਲਣਾ ਕਰਨੀ ਪਵੇਗੀ।
6. ਬੀ.ਐੱਡ. ਵਿਚ ਦਾਖਲਾ ਕੋਰਸ ਵਿਸ਼ਾ ਆਧਾਰਿਤ ਹੋਵੇਗਾ। ਦਾਖਲੇ ਦੇ ਸਮੇਂ ਹਰੇਕ ਉਮੀਦਵਾਰ ਨੂੰ ਦੋ ਅਧਿਆਪਨ ਵਿਸ਼ਿਆਂ ਦੀ ਚੋਣ ਕਰ ਸਕਦਾ ਹੈ ਜੋ ਉਸਨੇ ਗ੍ਰੈਜੂਏਸ਼ਨ/ਪੋਸਟ-ਗ੍ਰੈਜੂਏਸ਼ਨ ਦੌਰਾਨ ਪੜ੍ਹੇ ਹਨ।
7. ਉਮੀਦਵਾਰ ਨੇ ਬੈਚੂਲਰ/ਮਾਸਟਰ ਪੱਧਰ 'ਤੇ ਘੱਟੋ-ਘੱਟ ਤਿੰਨ ਸਾਲਾਂ (ਛੇ-ਸਮੈਸਟਰ) ਲਈ ਸੁਮੇਲ ਦੇ ਮੁੱਖ ਵਿਸ਼ਿਆਂ ਦਾ ਅਧਿਐਨ ਕੀਤਾ ਹੋਣਾ ਚਾਹੀਦਾ ਹੈ। ਆਨਰਜ਼ ਦੇ ਵਿਦਿਆਰਥੀ ਮੁੱਖ ਵਿਸ਼ੇ ਦੀ ਚੋਣ ਕਰਨਗੇ, ਜਿਸ ਵਿਚ ਉਨ੍ਹਾਂ ਨੇ ਵਿਸ਼ੇ ਦਾ ਅਧਿਐਨ, ਘੱਟੋ-ਘੱਟ ਇਕ ਸਾਲ (ਦੋ ਸਮੈਸਟਰ) ਲਈ ਕੀਤਾ ਹੋਣਾ ਚਾਹੀਦਾ ਹੈ।
8. ਕਿਸੇ ਵੀ ਪ੍ਰਮੁੱਖ ਵਿਸ਼ੇ ਦੇ ਨਾਲ ਭਾਸ਼ਾ ਦੇ ਸੁਮੇਲ ਦੀ ਚੋਣ ਕਰਨ ਲਈ ਉਮੀਦਵਾਰ ਨੇ ਗ੍ਰੈਜੂਏਸ਼ਨ ਦੇ ਸਾਰੇ ਸਮੈਸਟਰਾਂ ਵਿਚ ਸਾਹਿਤ ਜਾਂ ਚੋਣਵੇਂ ਵਿਸ਼ੇ ਦਾ ਅਧਿਐਨ ਕੀਤਾ ਹੋਣਾ ਚਾਹੀਦਾ ਹੈ।
9. ਗ੍ਰੈਜੂਏਸ਼ਨ ਪੱਧਰ 'ਤੇ ਵਾਧੂ ਵਿਸ਼ਿਆਂ ਨੂੰ ਪਾਸ ਕਰਨ ਵਾਲੇ ਉਮੀਦਵਾਰ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਉਹ ਸਿਰਫ਼ ਉਨ੍ਹਾਂ ਅਧਿਆਪਨ ਵਿਸ਼ਿਆਂ ਦੀ ਚੋਣ ਕਰਨਗੇ ਜੋ ਵਿਸ਼ੇ ਗ੍ਰੈਜੂਏਸ਼ਨ ਪੱਧਰ 'ਤੇ ਅੰਕਾਂ ਦੀ ਪ੍ਰਤਿਸ਼ਤਤਾ ਦੀ ਗਣਨਾ ਦੇ ਉਦੇਸ਼ ਲਈ ਕੁੱਲ ਅੰਕਾਂ ਵਿਚ ਜੋੜੇ ਗਏ ਹਨ।
10. ਬੀ.ਐੱਸ.ਸੀ ਉਮੀਦਵਾਰਾਂ ਲਈ ਮੈਡੀਕਲ ਵਿਚ ਫਿਜਿਕਸ, ਕੈਮਿਸਟਰੀ ਅਤੇ ਬਾਇਓਲੋਜੀ ਵਿਸ਼ਿਆਂ ਦੇ ਨਾਲ ਬੀ.ਐੱਸ.ਸੀ (ਨਾਨ-ਮੈਡੀਕਲ) ਵਿਚ ਫਿਜਿਕਸ, ਕੈਮਿਸਟਰੀ, ਗਣਿਤ, ਕੰਪਿਊਟਰ ਸਾਇੰਸ ਵਿਸ਼ਿਆਂ ਦੇ ਨਾਲ ਬੀ.ਏ ਹਿਊਮੈਨਟੀਜ਼) ਵਿਸ਼ਿਆਂ ਦੇ ਨਾਲ ਫਾਈਨ ਆਰਟਸ, ਸੰਗੀਤ, ਕੰਪਿਊਟਰ ਸਾਇੰਸ, ਸਰੀਰਕ ਸਿੱਖਿਆ, ਗ੍ਰਹਿ-ਵਿਗਿਆਨ, ਗਣਿਤ ਅੰਕੜੇ (ਗੁਣਾਤਮਕ ਤਕਨੀਕਾਂ) ਵਿਸ਼ਿਆਂ ਨਾਲ, ਬੀ.ਕਾਮ (ਕਾਮਰਸ, ਅਰਥ-ਸ਼ਾਸਤਰ) ਵਿਸ਼ਿਆਂ ਨਾਲ, ਬੀ.ਐੱਸ. ਸੀ, ਆਈ.ਟੀ. (ਕੋਈ ਵੀ ਕੰਪਿਊਟਰ ਵਿਸ਼ਾ) ਵਿਸ਼ਿਆਂ ਨਾਲ ਅਤੇ ਜੇਕਰ ਯੋਗਤਾ ਗ੍ਰੈਜੂਏਸ਼ਨ ਪੱਧਰ 'ਤੇ ਨਹੀਂ ਭਰੀ ਜਾਂਦੀ ਹੈ ਤਾਂ ਅਗਲੀ ਤਰਜੀਹ ਪੋਸਟ- ਗ੍ਰੈਜੂਏਸ਼ਨ ਪੱਧਰ 'ਤੇ ਹੋਵੇਗੀ ਅਤੇ ਗ੍ਰੈਜੂਏਸ਼ਨ ਪੱਧਰ 'ਤੇ ਪੜ੍ਹੇ ਕਿਸੇ ਵੀ ਅਧਿਆਪਨ ਵਿਸ਼ੇ ਦੀ ਚੋਣ ਕਰਨ ਦੇ ਯੋਗ ਹਨ।
11. ਕਾਲਜ ਦੁਆਰਾ 85 % ਸੀਟਾਂ ਪੰਜਾਬ ਦੀਆਂ ਤਿੰਨ ਯੂਨੀਵਰਸਿਟੀਆਂ (ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, ਪੰਜਾਬੀ ਯੂਨੀਵਰਸਿਟੀ ਪਟਿਆਲਾ, ਗੁਰੂ ਨਾਨਕ ਯੂਨੀਵਰਸਿਟੀ ਅੰਮ੍ਰਿਤਸਰ ਅਤੇ ਬਾਕੀ 15 % ਸੀਟਾਂ ਆਲ ਇੰਡੀਆ ਕੋਟੇ ਰਾਹੀਂ ਭਰੀਆਂ ਜਾਣਗੀਆਂ , ਪ੍ਰਬੰਧਨ ਕੋਟੇ ਦੀਆਂ ਸੀਟਾਂ ਲਈ ਸੰਯੁਕਤ ਪ੍ਰਵੇਸ਼ ਪ੍ਰੀਖਿਆ ਦੀ ਲੋੜ ਨਹੀਂ ਹੈ।
12. ਜੇਕਰ ਕੋਈ ਉਮੀਦਵਾਰ ਜੋ ਪਹਿਲਾਂ ਹੀ ਨੌਕਰੀ ਵਿਚ ਹੈ (ਪੂਰਾ ਸਮਾਂ ਜਾਂ ਪਾਰਟ ਟਾਈਮ) ਉਸਨੂੰ ਬੀ.ਐੱਡ. ਕੋਰਸ ਵਿਚ ਦਾਖਲਾ ਲੈਣ ਦੀ ਇਜ਼ਾਜ਼ਤ ਨਹੀਂ ਹੈ।ਜੋ ਉਮੀਦਵਾਰ ਬੀ.ਐੱਡ. ਦੇ ਅਕਾਦਮਿਕ ਸ਼ੈਸ਼ਨ ਵਿਚ ਦਾਖਲਾ ਲੈਣਾ ਚਾਹੁੰਦਾ ਹੈ ਤਾਂ ਉਸਨੂੰ ਸੰਬੰਧਤ ਸੰਸਥਾ ਜਾਂ ਦਫ਼ਤਰ ਤੋਂ ਛੁੱਟੀ ਲੈਣੀ ਪਵੇਗੀ।
13. ਕਾਲਜ ਵਿਚ ਉਪਲੱਭਧ ਵਿਸ਼ਾ ਸੰਜੋਗਾਂ ਦੀਆਂ ਵਿਆਪਕ ਸ਼੍ਰੇਣੀਆਂ :-

- ਟੀਚਿੰਗ ਆਫ਼ ਸਮਾਜਿਕ ਸਿੱਖਿਆ
- ਟੀਚਿੰਗ ਆਫ਼ ਅਰਥ ਸ਼ਾਸ਼ਤਰ
- ਟੀਚਿੰਗ ਆਫ਼ ਰਾਜਨੀਤੀ ਸ਼ਾਸ਼ਤਰ
- ਟੀਚਿੰਗ ਆਫ਼ ਇਤਿਹਾਸ
- ਟੀਚਿੰਗ ਆਫ਼ ਵਿਗਿਆਨ
- ਟੀਚਿੰਗ ਆਫ਼ ਕੰਪਿਊਟਰ
- ਟੀਚਿੰਗ ਆਫ਼ ਕਾਮਰਸ
- ਟੀਚਿੰਗ ਆਫ਼ ਹੋਮ ਸਾਇੰਸ
- ਟੀਚਿੰਗ ਆਫ਼ ਸਰੀਰਕ ਸਿੱਖਿਆ
- ਟੀਚਿੰਗ ਆਫ਼ ਗਣਿਤ
- ਟੀਚਿੰਗ ਆਫ਼ ਭਾਸ਼ਾਵਾਂ (ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ)

ਨੋਟ:- ਟੀਚਿੰਗ ਆਫ਼ ਸਟੱਡੀਜ਼ ਉਹਨਾਂ ਉਮੀਦਵਾਰਾਂ ਦੁਆਰਾ ਚੁਣਿਆ ਜਾਵੇਗਾ ਜਿੰਨ੍ਹਾਂ ਨੇ ਗ੍ਰੈਜੂਏਸ਼ਨ ਪੱਧਰ 'ਤੇ ਘੱਟੋ-ਘੱਟ ਦੋ ਵਿਸ਼ਿਆਂ ਦਾ ਅਧਿਐਨ ਕੀਤਾ ਜਾਂਦਾ ਹੈ।

**ਪੋਸਟ ਗ੍ਰੈਜੂਏਸ਼ਨ ਪੱਧਰ :**

- (ਹੇਠਾਂ ਦੱਸੇ ਗਏ ਕੁੱਲ 11 ਵਿਸ਼ਿਆਂ ਵਿਚੋਂ ਘੱਟੋ-ਘੱਟ 02 ਵਿਸ਼ਿਆਂ ਦਾ ਅਧਿਐਨ ਕੀਤਾ ਗਿਆ ਹੋਵੇ)
ਇਤਿਹਾਸ, ਭੂਗੋਲ, ਰਾਜਨੀਤੀ ਸ਼ਾਸਤਰ, ਸਮਾਜ ਸ਼ਾਸਤਰ, ਅਰਥ ਸ਼ਾਸਤਰ, ਲੋਕ ਪ੍ਰਸ਼ਾਸ਼ਨ, ਦਰਸ਼ਨ, ਮਨੋ-ਵਿਗਿਆਨ, ਸਿੱਖਿਆ, ਰੱਖਿਆ ਅਧਿਐਨ, ਧਾਰਮਿਕ ਅਧਿਐਨ।
- ਦਾਖਲੇ ਸਮੇਂ ਨੱਥੀ ਦਸਤਵੇਜ਼ਾਂ ਦੀ ਸੂਚੀ :- (1) ਮੈਟ੍ਰਿਕ (2) ਬਾਰਵੀਂ (3) ਗ੍ਰੈਜੂਏਸ਼ਨ ਦੀ ਮਾਰਕ ਸ਼ੀਟ (4) ਚਰਿੱਤਰ ਸਰਟੀਫ਼ਿਕੇਟ (ਸੰਸਥਾ ਤੋਂ ਆਖਰੀ ਵਾਰ) (5) ਆਧਾਰ ਕਾਰਡ ਦੀ ਕਾਪੀ (6) ਐੱਸ.ਸੀ, ਐੱਸ.ਟੀ, ਓ.ਬੀ.ਸੀ ਸਰਟੀਫਿਕੇਟ ਦੀ ਫੋਟੋ ਕਾਪੀ। (7) ਵਿਦਿਆਰਥੀਆਂ ਦੀਆਂ ਫੋਟੋਆਂ

# ਲਾਇਬਰੇਰੀ

ਲਾਇਬਰੇਰੀ ਸੰਸਥਾ ਦੀ ਰੀੜ੍ਹ ਦੀ ਹੱਡੀ ਹੁੰਦੀ ਹੈ। ਲਾਇਬਰੇਰੀ ਤੋਂ ਬਿਨ੍ਹਾਂ ਕੋਈ ਵੀ ਸੰਸਥਾ ਅਕਾਦਮਿਕ ਖੇਤਰ ਵਿਚ ਗਤੀਮਾਨ ਨਹੀਂ ਹੋ ਸਕਦੀ। ਲਾਇਬਰੇਰੀ ਦੁਆਰਾ ਵਿਦਿਆਰਥੀਆਂ ਨੂੰ ਸਰਬ-ਪੱਖੀ ਗਿਆਨ ਦੇਣ ਦਾ ਮਾਹੌਲ ਪੈਦਾ ਕੀਤਾ ਜਾਂਦਾ ਹੈ ਕਿਉਂਕਿ ਲਾਇਬਰੇਰੀ ਵਿਚ ਹਰ ਵਿਸ਼ੇ ਨਾਲ ਸੰਬੰਧਤ ਪੁਸਤਕਾਂ ਹੁੰਦੀਆਂ ਹਨ। ਸੰਸਥਾ ਦੀ ਲਾਇਬਰੇਰੀ ਖੁੱਲ੍ਹੀ ਹਵਾਦਾਰ, ਸ਼ਾਤਮਈ ਵਾਤਾਵਰਣ ਨਾਲ ਭਰਪੂਰ ਹੈ। ਸੰਸਥਾ ਦੀ ਲਾਇਬਰੇਰੀ ਵਿਚ ਤਕਰੀਬਨ 10000 ਤੋਂ ਵੱਧ ਪੁਸਤਕਾਂ ਹਨ। ਪੁਸਤਕਾਂ ਤੋਂ ਇਲਾਵਾ ਵਿਦਿਆਰਥੀਆਂ ਦੇ ਬੌਧਿਕ ਅਤੇ ਸਾਹਿਤਕ ਵਿਕਾਸ ਲਈ ਮਾਸਿਕ, ਤ੍ਰੈ-ਮਾਸਿਕ ਸਾਹਿਤਕ ਪੰਜਾਬੀ, ਹਿੰਦੀ, ਅੰਗਰੇਜ਼ੀ ਮੈਗਜ਼ੀਨ ਉਪਲੱਬਧ ਹਨ। ਇਸ ਤੋਂ ਇਲਾਵਾ ਲਾਇਬਰੇਰੀ ਵਿਚ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਅਖ਼ਬਾਰ ਨਿਰੰਤਰ ਮੰਗਵਾਏ ਜਾਂਦੇ ਹਨ। ਲਾਇਬਰੇਰੀ ਵਿਚ ਰੀਡਿੰਗ ਸ਼ੈਕਸ਼ਨ, ਅਖ਼ਬਾਰ ਸ਼ੈਕਸ਼ਨ, ਮੈਗਜ਼ੀਨ ਸ਼ੈਕਸ਼ਨ ਵੱਖਰੇ ਤੌਰ 'ਤੇ ਸਥਾਪਤ ਕੀਤੇ ਹੋਏ ਹਨ। ਇਸ ਤੋਂ ਇਲਾਵਾ ਲਾਇਬਰੇਰੀ ਵਿਚ ਵਿਸ਼ੇਸ਼ ਤੌਰ 'ਤੇ ਦੁਰਲੱਭ ਪੁਸਤਕਾਂ ਰੱਖੀਆਂ ਹੋਈਆਂ ਹਨ, ਜਿਨ੍ਹਾਂ ਦੁਆਰਾ ਵਿਦਿਆਰਥੀ ਅਹਿਮ ਸ੍ਰੋਤਾਂ ਦੀ ਪੁਸ਼ਟੀ ਕਰਕੇ ਜੀਵਨ ਨੂੰ ਨਵੀਂ ਸੇਧ ਦੇ ਸਕਦੇ ਹਨ।

**• ਪੁਸਤਕਾਂ ਕਢਵਾਉਣ ਸੰਬੰਧੀ ਨਿਯਮ ਹੇਠ ਲਿਖੇ ਅਨੁਸਾਰ ਹਨ:-**

1. ਵਿਦਿਆਰਥੀ ਨੂੰ ਹੇਠ ਲਿਖੇ ਅਨੁਸਾਰ ਪੁਸਤਕਾਂ 14 ਦਿਨਾਂ ਲਈ ਜਾਰੀ ਹੋਣਗੀਆਂ :-
   (ੳ) ਬੀ.ਏ. / ਬੀ.ਸੀ.ਏ, ਪੀ.ਜੀ.ਡੀ.ਸੀ.ਏ., ਐਮ.ਐਸ.ਸੀ. (ਆਈ.ਟੀ)- ਦੋ ਪੁਸਤਕਾਂ।
   (ਅ) ਐਮ. ਏ - ਪੰਜ ਪੁਸਤਕਾਂ।
   (ੲ) ਬੀ. ਐਸ. ਸੀ ਭਾਗ ਪਹਿਲਾ, ਦੂਜਾ ਅਤੇ ਤੀਸਰਾ- ਤਿੰਨ ਪੁਸਤਕਾਂ।
2. ਪੁਸਤਕਾਂ ਦੇਰ ਨਾਲ ਜਮ੍ਹਾਂ ਕਰਵਾਉਣ ਤੇ ਪੰਜ ਰੁਪਏ ਪ੍ਰਤੀ ਦਿਨ ਪੁਸਤਕ ਜੁਰਮਾਨਾ ਲਿਆ ਜਾਵੇਗਾ।
3. ਪੁਸਤਕ ਖਰਾਬ ਹੋਣ ਜਾਂ ਗੁੰਮ ਹੋਣ ਦੀ ਸੂਰਤ ਵਿਚ ਪੁਸਤਕ ਦੀ ਮੌਜੂਦਾ ਕੀਮਤ 20% ਵਾਧੇ ਨਾਲ ਜਮ੍ਹਾਂ ਕਰਵਾਈ ਜਾਵੇਗੀ ਜਾਂ ਨਵੀਂ ਪੁਸਤਕ ਹੀ ਲਈ ਜਾਵੇਗੀ।
4. ਸ਼ਨਾਖਤੀ-ਕਮ ਲਾਇਬਰੇਰੀ ਕਾਰਡ ਗੁੰਮ ਹੋਣ ਦੀ ਸੂਰਤ ਵਿਚ ਸੰਬੰਧਤ ਪੁਲਿਸ ਸਟੇਸ਼ਨ ਤੋਂ ਐਫ.ਆਈ.ਆਰ ਦੀ ਕਾਪੀ ਸ਼ਨਾਖਤੀ ਕਾਰਡ ਫ਼ੀਸ ਅਤੇ 100 ਰੁਪਏ ਜੁਰਮਾਨੇ ਵਜੋਂ ਵਸੂਲ ਕੀਤੇ ਜਾਣਗੇ।
5. ਵਿਦਿਆਰਥੀ ਪੁਸਤਕ/ ਰਸਾਲਿਆਂ/ ਅਖ਼ਬਾਰਾਂ ਉੱਪਰ ਕੁਝ ਲਿਖ ਕੇ ਖਰਾਬ ਨਹੀਂ ਕਰਨਗੇ। ਇਹ ਆਦੇਸ਼ ਨਾ ਮੰਨਣ ਵਾਲੇ ਵਿਦਿਆਰਥੀ ਨੂੰ ਨਵੀਂ ਪੁਸਤਕ/ਰਸਾਲਾ ਜਮ੍ਹਾਂ ਕਰਵਾਉਣਾ ਪਵੇਗਾ।



ਰੀਡਿੰਗ ਹਾਲ



ਮੈਗਜ਼ੀਨ ਸੈਕਸ਼ਨ



ਅਖ਼ਬਾਰ ਸੈਕਸ਼ਨ

## ਰੈੱਡ ਰਿਬਨ ਕਲੱਬ

ਯੁਵਕ ਸੇਵਾਵਾਂ ਵਿਭਾਗ ਮਾਨਸਾ ਦੀ ਰਹਿਨੁਮਾਈ ਹੇਠ ਮਾਈ ਭਾਗੋ ਡਿਗਰੀ ਕਾਲਜ ਅਤੇ ਮਾਈ ਭਾਗੋ ਕਾਲਜ ਆਫ਼ ਐਜੂਕੇਸ਼ਨ ਰੱਲਾ ਵਿਖੇ ਰੈੱਡ ਰਿਬਨ ਕਲੱਬ ਚੱਲ ਰਿਹਾ ਹੈ । ਇਸ ਕਲੱਬ ਦੇ ਅੰਤਰਗਤ ਖ਼ੂਨਦਾਨ ਕੈਂਪਾਂ ਤੋਂ ਇਲਾਵਾ ਸਮਾਜਿਕ ਜਾਗਰੂਕਤਾ ਰੈਲੀਆਂ, ਸੈਮੀਨਾਰ ਅਤੇ ਸਮਾਜਿਕ ਭਲਾਈ ਪ੍ਰੋਗਰਾਮ ਆਯੋਜਿਤ ਕੀਤੇ ਜਾਂਦੇ ਹਨ ।

## ਈਕੋ ਕਲੱਬ

ਪੰਜਾਬੀ ਯੂਨੀਵਰਸਿਟੀ ਪਟਿਆਲਾ ਅਧੀਨ ਮਾਈ ਭਾਗੋ ਡਿਗਰੀ ਕਾਲਜ ਅਤੇ ਮਾਈ ਭਾਗੋ ਕਾਲਜ ਆਫ਼ ਐਜੂਕੇਸ਼ਨ ਰੱਲਾ ਵਿਖੇ ਈਕੋ ਕਲੱਬ ਚੱਲ ਰਿਹਾ ਹੈ। ਇਸ ਕਲੱਬ ਦੇ ਅੰਤਰਗਤ ਵਾਤਾਵਰਨ ਸੰਭਾਲ ਪ੍ਰੋਗਰਾਮ ਜਿਵੇਂ ਪੌਦੇ ਲਗਾਉਣਾ, ਵਾਤਾਵਰਣ ਸੰਭਾਲ ਸਬੰਧੀ ਸੈਮੀਨਾਰ, ਸਾਫ ਸਫਾਈ ਕੈਂਪ ਅਤੇ ਪਾਣੀ ਦੀ ਸੰਭਾਲ ਅਤੇ ਸੁਚੱਜੀ ਵਰਤੋਂ ਸਬੰਧੀ ਆਦਿ ਪ੍ਰੋਗਰਾਮ ਆਯੋਜਿਤ ਕਰਵਾਏ ਜਾਂਦੇ ਹਨ

## ਭਾਸ਼ਾ ਮੰਚ

ਭਾਸ਼ਾ ਵਿਭਾਗ ਮਾਨਸਾ ਦੀ ਰਹਿਨੁਮਾਈ ਹੇਠ ਮਾਈ ਭਾਗੋ ਡਿਗਰੀ ਕਾਲਜ ਅਤੇ ਮਾਈ ਭਾਗੋ ਕਾਲਜ ਆਫ਼ ਐਜੂਕੇਸ਼ਨ ਰੱਲਾ ਵਿੱਚ ਭਾਸ਼ਾ ਮੰਚ ਚੱਲ ਰਿਹਾ ਹੈ । ਇਸ ਮੰਚ ਅਧੀਨ ਸਾਹਿਤਕ ਪ੍ਰੋਗਰਾਮ, ਸੈਮੀਨਾਰ, ਕਾਵਿ ਮੁਕਾਬਲੇ ਅਤੇ ਵਿਦਿਆਰਥੀਆਂ ਵਿੱਚ ਸਾਹਿਤ ਪੜ੍ਹਣ ਦੀ ਰੁਚੀ ਪੈਦਾ ਕਰਨ ਅਤੇ ਸਮੇਂ ਸਮੇਂ ਤੇ ਸਾਹਿਤਕ ਚਰਚਾਵਾਂ ਦਾ ਪ੍ਰਬੰਧ ਕੀਤਾ ਜਾਂਦਾ ਹੈ।

## ਵਿਦਿਆਰਥੀ ਸਾਹਿਤ ਸਭਾ

ਮਾਈ ਭਾਗੋ ਡਿਗਰੀ ਕਾਲਜ ਅਤੇ ਮਾਈ ਭਾਗੋ ਕਾਲਜ ਆਫ਼ ਐਜੂਕੇਸ਼ਨ ਰੱਲਾ ਵਿਖੇ ਭਾਸ਼ਾ ਅਤੇ ਸਾਹਿਤ ਦੇ ਵਿਕਾਸ ਲਈ ਵਿਦਿਆਰਥੀ ਸਾਹਿਤ ਸਭਾ ਬਣਾਈ ਗਈ ਹੈ, ਜੋ ਵੱਖ ਵੱਖ ਸਾਹਿਤ ਸਭਾਵਾਂ ਅਤੇ ਮਾਂ ਬੋਲੀ ਦੀ ਮਹੱਤਤਾ ਅਤੇ ਵਿਕਾਸ ਸਬੰਧੀ ਪ੍ਰੋਗਰਾਮਾਂ ਦਾ ਪ੍ਰਬੰਧ ਕਰਦੀ ਹੈ ।

## ਪੁਰਾਣੇ ਵਿਦਿਆਰਥੀ ਸਭਾ

ਮਾਈ ਭਾਗੋ ਡਿਗਰੀ ਕਾਲਜ ਅਤੇ ਮਾਈ ਭਾਗੋ ਕਾਲਜ ਆਫ਼ ਐਜੂਕੇਸ਼ਨ ਰੱਲਾ ਦੇ ਪੁਰਾਣੇ ਵਿਦਿਆਰਥੀਆਂ ਨੂੰ ਸੰਸਥਾ ਨਾਲ ਜੋੜੀ ਰੱਖਣ ਦੇ ਮਕਸਦ ਨਾਲ ਪੁਰਾਣੇ ਵਿਦਿਆਰਥੀਆਂ ਲਈ ਦੋਨੋਂ ਕਾਲਜ ਦੀ ਅਲੂਮਨੀ ਐਸੋਸੀਏਸ਼ਨ ਦਾ ਪ੍ਰਬੰਧ ਕੀਤਾ ਗਿਆ ਹੈ । ਸਮੇਂ-ਸਮੇਂ 'ਤੇ ਇਨ੍ਹਾਂ ਵਿਦਿਆਰਥੀਆ ਨੂੰ ਕਾਲਜ ਕੈਂਪਸ ਵਿੱਚ ਪ੍ਰੋਗਰਾਮ ਕਰਵਾ ਕੇ ਇੱਕ ਦੂਸਰੇ ਦੇ ਰੂ-ਬ-ਰੂ ਕਰਵਾਇਆ ਜਾਂਦਾ ਹੈ ।

## ਐਨ.ਐਸ.ਐਸ. (ਕੌਮੀ ਸੇਵਾ ਯੋਜਨਾ)

ਐਨ.ਐਸ.ਐਸ. ਵਿਭਾਗ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਅਧੀਨ ਮਾਈ ਭਾਗੋ ਡਿਗਰੀ ਕਾਲਜ ਦਾ ਇੱਕ ਰੈਗੂਲਰ ਅਤੇ ਦੋ ਸੈਲਫ ਯੂਨਿਟ ਚੱਲ ਰਹੇ ਹਨ । ਮਾਈ ਭਾਗੋ ਕਾਲਜ ਆਫ ਐਜੂਕੇਸ਼ਨ ਦਾ ਇੱਕ ਰੈਗੂਲਰ ਅਤੇ ਇੱਕ ਸੈਲਫ ਯੂਨਿਟ ਚੱਲ ਰਿਹਾ ਹੈ । ਇਸ ਯੋਜਨਾ ਅਧੀਨ 1 ਰੋਜ਼ਾ ਅਤੇ 7 ਰੋਜ਼ਾ ਕੈਂਪ ਦਾ ਪ੍ਰਬੰਧ ਕੀਤਾ ਜਾਂਦਾ ਹੈ। ਇਨ੍ਹਾਂ ਕੈਂਪਾਂ ਵਿੱਚ ਵਲੰਟੀਅਰਜ਼ ਨੂੰ ਮਨੁੱਖਤਾ ਦੀ ਸੇਵਾ ਜਿਵੇਂ ਖ਼ੂਨਦਾਨ ਕਰਨਾ, ਹੱਥੀ ਕੰਮ ਕਰਨ ਦੀ ਮਹੱਤਤਾ, ਸਹਿਯੋਗ ਦੀ ਭਾਵਨਾ ਆਦਿ ਸਿਖਾਈ ਜਾਂਦੀ ਹੈ। ਲੋੜ ਪੈਣ ਤੇ ਕੁਦਰਤੀ ਆਫ਼ਤਾਂ ਨਾਲ ਨਜਿੱਠਣ ਲਈ ਸਾਹਸ ਤੇ ਬਹਾਦਰੀ ਨਾਲ ਕੰਮ ਕਰਨ ਦੇ ਗੁਣ ਪੈਦਾ ਕਰਕੇ ਚੰਗੇ ਸਮਾਜ ਸੇਵੀ ਬਣਾਉਣ ਦਾ ਯਤਨ ਕੀਤਾ ਜਾਂਦਾ ਹੈ।

## ਕੌਮੀ ਸੇਵਾ ਯੋਜਨਾ ਵਿਭਾਗ



ਪ੍ਰੋਗਰਾਮ ਅਫ਼ਸਰ
(ਰੈਗੂਲਰ ਯੂਨਿਟ)
ਲਵਪ੍ਰੀਤ ਕੌਰ
ਮਾਈ ਭਾਗੋ ਡਿਗਰੀ ਕਾਲਜ
ਰੱਲਾ



ਪ੍ਰੋਗਰਾਮ ਅਫ਼ਸਰ
(ਸੈਲਫ਼ ਯੂਨਿਟ-I)
ਪ੍ਰਗਟ ਸਿੰਘ
ਮਾਈ ਭਾਗੋ ਡਿਗਰੀ ਕਾਲਜ
ਰੱਲਾ



ਪ੍ਰੋਗਰਾਮ ਅਫ਼ਸਰ
(ਸੈਲਫ਼ ਯੂਨਿਟ-II)
ਪਰਮਜੀਤ ਕੌਰ
ਮਾਈ ਭਾਗੋ ਡਿਗਰੀ ਕਾਲਜ
ਰੱਲਾ



ਪ੍ਰੋਗਰਾਮ ਅਫ਼ਸਰ
(ਰੈਗੂਲਰ ਯੂਨਿਟ ਅਤੇ ਯੂਥ ਕੋ-ਆਰਡੀਨੇਟਰ)
ਸ਼ਰਨਜੀਤ ਸਿੰਘ
ਮਾਈ ਭਾਗੋ ਕਾਲਜ
ਆਫ਼ ਐਜੂਕੇਸ਼ਨ, ਰੱਲਾ



ਪ੍ਰੋਗਰਾਮ ਅਫ਼ਸਰ
(ਸੈਲਫ਼ ਯੂਨਿਟ)
ਲਖਵੀਰ ਕੌਰ
ਮਾਈ ਭਾਗੋ ਕਾਲਜ
ਆਫ਼ ਐਜੂਕੇਸ਼ਨ, ਰੱਲਾ

## ਸਕਾਉਟ ਐਂਡ ਗਾਈਡ



ਸਕਾਊਟ ਮਾਸਟਰ (ਸਕੂਲ)
ਸੁਪਰੀਆ ਗੋਇਲ



ਸਕਾਊਟ ਮਾਸਟਰ (ਡਿਗਰੀ ਕਾਲਜ)
ਧੀਰਾ ਸਿੰਘ



ਸਕਾਊਟ ਮਾਸਟਰ (ਐਜੂਕੇਸ਼ਨ ਕਾਲਜ)
ਕੁਲਦੀਪ ਕੌਰ

# ਆਵਾਜਾਈ ਦੀ ਸਹੂਲਤ

ਵਿਦਿਆਰਥੀਆਂ ਦੇ ਸੰਸਥਾ ਵਿਚ ਆਉਣ-ਜਾਣ ਲਈ ਬੱਸਾਂ ਦਾ ਵਧੀਆਂ ਪ੍ਰਬੰਧ ਹੈ। ਵਿਦਿਆਰਥੀ ਆਪਣੀ ਸਹੂਲਤ ਅਨੁਸਾਰ ਬੱਸ ਸਹੂਲਤ ਦੀ ਸੁਵਿਧਾ ਲੈ ਸਕਦੇ ਹਨ। ਲੋੜ ਅਨੁਸਾਰ ਹੋਰ ਬੱਸਾਂ ਖਰੀਦੀਆਂ ਜਾਣਗੀਆਂ। ਇਸ ਸੰਬੰਧ ਵਿਚ ਕੁਝ ਹਦਾਇਤਾਂ ਹਨ, ਜਿਨ੍ਹਾਂ ਦੀ ਪਾਲਣਾ ਕਰਨੀ ਵਿਦਿਆਰਥੀ ਲਈ ਲਾਜ਼ਮੀ ਹੈ:-

1. ਬੱਸ ਕਿਰਾਇਆ ਫ਼ੀਸ ਦੇ ਨਾਲ ਭਰਨਾ ਲਾਜ਼ਮੀ ਹੈ।
2. ਬੱਸ ਕਿਰਾਇਆ ਫ਼ੀਸ ਵਿੱਚ ਕਿਸੇ ਪ੍ਰਕਾਰ ਦੀ ਰਿਆਇਤ ਨਹੀਂ ਦਿੱਤੀ ਜਾਵੇਗੀ।
3. ਤੇਲ ਆਦਿ ਦੀਆਂ ਕੀਮਤਾਂ ਦੇ ਵਧਣ ਦੀ ਸੂਰਤ ਵਿਚ ਟਰਾਂਸਪੋਰਟ ਫ਼ੀਸ ਵਿਚ ਤਤਕਾਲ ਵਾਧਾ ਕੀਤਾ ਜਾ ਸਕਦਾ ਹੈ।
4. ਬੱਸ ਪਿੰਡ ਦੀ ਫਿਰਨੀ ਤੇ ਨਿਰਧਾਰਤ ਕੀਤੇ ਬੱਸ ਸਟਾਪ ਤੋਂ ਹੀ ਵਿਦਿਆਰਥੀ ਨੂੰ ਲੈ ਕੇ ਅਤੇ ਛੱਡ ਕੇ ਜਾਵੇਗੀ। ਪਿੰਡ ਦੀਆਂ ਗਲੀਆਂ ਵਿਚ ਜਾਂ ਹਰ ਘਰ ਕੋਲੋਂ ਵਿਦਿਆਰਥੀ ਨੂੰ ਛੱਡ ਕੇ ਜਾਂ ਲੈ ਕੇ ਜਾਣਾ ਸੰਭਵ ਨਹੀਂ।
5. ਨਿਰਧਾਰਤ ਬੱਸ ਸਟਾਪ ਤੇ ਪਹੁੰਚਣ ਦਾ ਠੀਕ ਸਮਾਂ ਸੰਬੰਧਤ ਡਰਾਇਵਰ ਤੋਂ ਪਹਿਲਾਂ ਹੀ ਪਤਾ ਕਰੋ ਤੇ ਪੰਜ ਮਿੰਟ ਪਹਿਲਾਂ ਬੱਸ ਸਟਾਪ ਤੇ ਪਹੁੰਚੋ ਤਾਂ ਜੋ ਬਾਅਦ ਵਿਚ ਕਿਸੇ ਨੂੰ ਕੋਈ ਪ੍ਰੇਸ਼ਾਨੀ ਨਾ ਹੋਵੇ।
6. ਸੰਬੰਧਤ ਬੱਸ ਡਰਾਇਵਰ ਦਾ ਫੋਨ ਨੰਬਰ ਨੋਟ ਕਰਕੇ ਰੱਖੋ ਤਾਂ ਜੋ ਬੱਸ ਲੇਟ ਹੋਣ ਜਾਂ ਬੱਸ ਨਾਲ ਸੰਬੰਧਤ ਕੋਈ ਜਾਣਕਾਰੀ ਲਈ ਡਰਾਇਵਰ ਨਾਲ ਤਾਲ-ਮੇਲ ਕੀਤਾ ਜਾ ਸਕੇ।
7. ਵਿਦਿਆਰਥੀ ਘਰੋਂ ਵੈਨ ਰਾਹੀਂ ਆਵੇਗਾ ਅਤੇ ਜਾਵੇਗਾ। ਵਿਦਿਆਰਥੀ ਨੂੰ ਕਿਸੇ ਸਕੇ-ਸੰਬੰਧੀ ਜਾਂ ਰਿਸ਼ਤੇਦਾਰ ਕੋਲ ਉਤਰਨ ਦੀ ਮਨਾਹੀ ਹੈ।
8. ਵਿਦਿਆਰਥੀ ਨੂੰ ਖਾਸ ਹਾਲਾਤਾਂ ਵਿਚ ਹੀ ਛੁੱਟੀ ਦਿੱਤੀ ਜਾਵੇਗੀ ਅਤੇ ਘਰ ਦਾ ਜ਼ਿੰਮੇਵਾਰ ਵਿਅਕਤੀ ਜਿਸ ਦੀ ਫੋਟੋ ਕਾਲਜ ਰਿਕਾਰਡ ਦੇ ਵਿੱਚ ਦਰਜ਼ ਹੈ, ਉਹ ਹੀ ਵਿਦਿਆਰਥੀ ਨੂੰ ਲੈ ਕੇ ਜਾ ਸਕੇਗਾ ।

## ਰੂਟਾਂ ਦਾ ਵੇਰਵਾ:

1. ਕੋਟ ਲੱਲੂ, ਮਾਨਸਾ, ਕੈਂਚੀਆਂ, ਠੂਠਿਆਂ ਵਾਲੀ
2. ਫਰਵਾਹੀ, ਦਲੇਲ ਸਿੰਘ ਵਾਲਾ, ਮੂਲਾ ਸਿੰਘ ਵਾਲਾ, ਕੋਟੜਾ, ਖਿਆਲਾ,ਭੁਪਾਲ
3. ਭੀਖੀ, ਖੀਵਾ, ਗੁੜਥੜੀ, ਮੱਤੀ, ਮੌਜੋ, ਅਤਲਾ ਖੁਰਦ, ਅਤਲਾ ਕਲਾਂ, ਅਨੂਪਗੜ੍ਹ, ਮਾਖਾ ਚਹਿਲਾਂ
4. ਕਾਲੇਕੇ, ਬਦਰਾ, ਧੂਰਕੋਟ, ਭੈਣੀ ਫੱਤਾ, ਜੋਗਾ,
5. ਤਾਜੋ ਕੇ, ਬੱਲ੍ਹੋ, ਰੂੜੇਕੇ ਖੁਰਦ, ਚਾਉਕੇ, ਰੜ੍ਹ, ਅਕਲੀਆਂ
6. ਕਾਹਨੇਕੇ, ਭੈਣੀ ਜੱਸਾ, ਫਤਿਹਗੜ੍ਹ ਛੰਨਾ, ਧੌਲਾ, ਰੂੜੇਕੇ ਕਲਾਂ, ਪੱਖੋਂ ਕਲਾਂ
7. ਕੋਟਲੀ ਖੁਰਦ, ਮਾਨ ਬੀਬੜੀਆਂ, ਸੱਦਾ ਸਿੰਘ ਵਾਲਾ, ਖੋਖਰ ਕਲਾਂ, ਖੋਖਰ ਖੁਰਦ, ਭੈਣੀ ਬਾਘਾ, ਤਾਮਕੋਟ, ਬੁਰਜ ਹਰੀ, ਰੱਲਾ
8. ਕੋਟਲੀ ਕਲਾਂ, ਘੁੰਮਣ, ਬੁਰਜ ਰਾਠੀ, ਉੱਭਾ, ਬੁਰਜ ਢਿੱਲਵਾਂ,

**ਨੋਟ: ਨਵਾਂ ਸੈਸ਼ਨ ਸ਼ੁਰੂ ਹੋਣ ਉਪਰੰਤ ਵਿਦਿਆਰਥੀਆਂ ਦੀ ਗਿਣਤੀ ਦੇ ਹਿਸਾਬ ਨਾਲ ਰੂਟਾਂ ਵਿਚ ਫੇਰ ਬਦਲ ਕੀਤਾ ਜਾ ਸਕਦਾ ਹੈ।**






# ਪ੍ਰਸਿੱਧ ਸਖ਼ਸ਼ੀਅਤਾਂ ਨਾਲ ਰੂ-ਬ-ਰੂ


ਡਾ. ਰਜਿੰਦਰ ਪਾਲ ਸਿੰਘ ਬਰਾੜ
ਪੰਜਾਬੀ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ


ਡਾ. ਚਰਨਜੀਤ ਕੌਰ ਬਰਾੜ
ਪੰਜਾਬੀ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ


ਸ੍ਰ. ਅਜੈਬ ਸਿੰਘ ਚੱਠਾ
ਚੇਅਰਮੈਨ,
ਵਿਸ਼ਵ ਪੰਜਾਬੀ ਕਾਨਫਰੰਸ, ਕੈਨੈਡਾ


ਸ੍ਰ. ਰਵਿੰਦਰ ਸਿੰਘ ਕੰਗ
ਪ੍ਰਧਾਨ
ਓਟਾਰੀਓ ਫਰੈਡਜ਼ ਕਲੱਬ, ਕਨੈਡਾ



ਸ੍ਰ. ਕੁਲਵੰਤ ਸਿੰਘ
ਡਿਪਟੀ ਕਮਿਸ਼ਨਰ, ਮਾਨਸਾ


ਸ੍ਰ. ਨਾਨਕ ਸਿੰਘ
ਸੀਨੀਅਰ ਸੁਪਰਡੈਂਟ ਆਫ਼ ਪੁਲਿਸ
ਮਾਨਸਾ


ਸ਼੍ਰੀ ਗੌਰਵ ਤੂਰਾ
ਸੀਨੀਅਰ ਸੁਪਰਡੈਂਟ ਆਫ਼ ਪੁਲਿਸ
ਮਾਨਸਾ


ਡਾ. ਹਰਸ਼ਿੰਦਰ ਕੌਰ
ਡਿਪਟੀ ਮੈਡੀਕਲ ਸੁਪਰਿਨਟੈਂਡੈਂਟ
ਪਟਿਆਲਾ


ਡਾ. ਹਰਪਾਲ ਸਿੰਘ ਪੰਨੂੰ
ਸਾਬਕਾ ਪ੍ਰੋਫੈਸਰ ਅਤੇ ਮੁਖੀ
ਧਰਮ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ


ਡਾ. ਬਲਵਿੰਦਰ ਕੌਰ ਬਰਾੜ
ਸਾਬਕਾ ਪ੍ਰੋ. ਅਤੇ ਮੁਖੀ (ਪੰਜਾਬੀ ਵਿਭਾਗ)
ਪੰਜਾਬੀ ਯੂਨੀਵਰਸਿਟੀ ਪਟਿਆਲਾ


ਕਵੀ ਦਰਸ਼ਨ ਬੁੱਟਰ
ਪੰਜਾਬੀ ਸਾਹਿਤ
ਅਕਾਦਮੀ ਪੁਰਸਕਾਰ ਵਿਜੇਤਾ


ਸ੍ਰ. ਹਮੀਰ ਸਿੰਘ
ਸੀਨੀਅਰ ਪੱਤਰਕਾਰ
ਪੰਜਾਬੀ ਟ੍ਰਿਬਿਊਨ, ਚੰਡੀਗੜ੍ਹ


ਸ੍ਰ. ਮਨਪ੍ਰੀਤ ਟਿਵਾਣਾ
ਮਸ਼ਹੂਰ ਗੀਤਕਾਰ


ਡਾ. ਕੁਲਦੀਪ ਸਿੰਘ ਦੀਪ
(ਨਾਟਕਕਾਰ)


ਡਾ. ਸੇਵਕ ਸਿੰਘ
ਸਿੱਖ ਚਿੰਤਕ


ਸ੍ਰ. ਅਰਵਿੰਦਰ ਸਿੰਘ ਢਿੱਲੋਂ
ਸਕੱਤਰ,ਪੰਜਾਬੀ ਪੀਪਲਜ਼
ਵੈਲਫੇਅਰ ਆਰਗੇਨਾਈਜੇਸ਼ਨ, ਪਟਿਆਲਾ


ਗ਼ਜ਼ਲਗੋ ਸੁਖਵਿੰਦਰ ਅੰਮ੍ਰਿਤ
ਸ਼੍ਰੋਮਣੀ ਕਾਵਿ ਪੁਰਸਕਾਰ ਵਿਜੇਤਾ
ਭਾਸ਼ਾ ਵਿਭਾਗ, ਪੰਜਾਬ


ਨਾਵਲਕਾਰ ਪਰਗਟ ਸਤੌਜ
ਭਾਰਤੀ ਸਾਹਿਤ ਅਕਾਦਮੀ ਯੁਵਾ ਪੁਰਸਕਾਰ
ਅਤੇ ਢਾਹਾ ਪੁਰਸਕਾਰ ਵਿਜੇਤਾ


ਪ੍ਰੋ. ਗੁਰਪ੍ਰੀਤ ਬਰਾੜ
ਪੋਲੀਟੀਕਲ ਵਿਭਾਗ
ਪੰਜਾਬੀ ਯੂਨੀਵਰਸਿਟੀ ਪਟਿਆਲਾ


ਡਾ. ਬਰਿੰਦਰ ਕੌਰ
ਪ੍ਰਿੰਸੀਪਲ ਮਾਤਾ ਸੁੰਦਰੀ ਯੂਨੀਵਰਸਿਟੀ
ਗਰਲਜ਼ ਕਾਲਜ ਮਾਨਸਾ

# ਖੇਡ ਗਤੀਵਿਧੀਆਂ



ਐਥਲੇਟਿਕ ਮੀਟ ਦੌਰਾਨ ਕੋਆਰਡੀਨੇਟਰ ਸੁਭਾਸ਼ ਚੰਦਰ ਮਸ਼ਾਲ ਨਾਲ ਆਗਾਜ਼ ਕਰਦੇ ਹੋਏ



ਮਾਰਚ ਪਾਸਟ ਕਰਦੇ ਹੋਏ ਵਿਦਿਆਰਥੀ




ਐਥਲੈਟਿਕ ਮੀਟ ਦੌਰਾਨ ਸੌਂਹ ਚੁੱਕਦੇ ਹੋਏ ਵਿਦਿਆਰਥੀ



ਐਥਲੈਟਿਕ ਮੀਟ ਦੌਰਾਨ 100ਮੀਟਰ ਦੌੜ ਦੀ ਇੱਕ ਝਲਕ




ਪੁਜੀਸ਼ਨਾਂ ਪ੍ਰਾਪਤ ਕਰਨ ਵਾਲੇ ਲੜਕਿਆਂ ਨੂੰ ਸਨਮਾਨਿਤ ਕਰਦੇ ਹੋਏ




ਪੁਜੀਸ਼ਨਾਂ ਪ੍ਰਾਪਤ ਕਰਨ ਵਾਲੀਆਂ ਲੜਕੀਆਂ ਨੂੰ ਸਨਮਾਨਿਤ ਕਰਦੇ ਹੋਏ

# ਕੌਮੀ ਸੇਵਾ ਯੋਜਨਾ




ਸੱਤ ਰੋਜ਼ਾ ਐਨ.ਐਸ.ਐਸ. ਕੈਂਪ ਦੇ ਆਗਾਜ਼ ਦੌਰਾਨ ਡਾ. ਬਰਿੰਦਰ ਕੌਰ (ਪ੍ਰਿੰਸੀਪਲ) ਮਾਤਾ ਸੁੰਦਰੀ ਯੂਨੀਵਰਸਿਟੀ ਗਰਲਜ਼ ਕਾਲਜ (ਮਾਨਸਾ) ਨੂੰ ਸਨਮਾਨਿਤ ਕਰਦੇ ਹੋਏ




ਸਫਾਈ ਮੁਹਿੰਮ ਦੌਰਾਨ ਵਲੰਟੀਅਰਾਂ ਦੀ ਸਾਂਝੀ ਤਸਵੀਰ




ਪੌਦਿਆਂ ਦੀ ਸਾਂਭ ਸੰਭਾਲ ਲਈ ਤਿਆਰ ਐਨ.ਐਸ.ਐਸ. ਯੂਨਿਟ




ਐਨ.ਐਸ.ਐਸ. ਕੈਂਪ ਪ੍ਰੋਗਰਾਮ ਦੌਰਾਨ ਥਾਣਾ ਜੋਗਾ ਸਟਾਫ ਅਤੇ ਪ੍ਰਬੰਧਕੀ ਕਮੇਟੀ




ਐਨ.ਐਸ.ਐਸ. ਕੈਂਪ ਦੌਰਾਨ ਡਾ. ਅਵਤਾਰ ਸਿੰਘ ਅਤੇ ਪ੍ਰਬੰਧਕ ਕਮੇਟੀ




ਐਨ.ਐਸ.ਐਸ. ਕੈਂਪ ਦੌਰਾਨ ਸਮਾਜਿਕ ਬੁਰਾਈਆਂ ਵਿਰੁੱਧ ਰੈਲੀ ਲਈ ਰਵਾਨਾ ਹੁੰਦੇ ਹੋਏ ਕਾਲਜ ਵਿਦਿਆਰਥੀ

# ਕੌਮੀ ਸੇਵਾ ਯੋਜਨਾ




ਡਾ. ਗੁਰਦੀਪ ਸਿੰਘ (ਸਹਿ: ਪ੍ਰੋ: ਗੁਰੂ ਨਾਨਕ ਕਾਲਜ ਬੁਢਲਾਡਾ)
ਨੂੰ ਸਨਮਾਨਿਤ ਕਰਦੇ ਹੋਏ



ਕੈਂਪ ਦੌਰਾਨ ਪੌਦੇ ਲਗਾਉਂਦੇ ਹੋਏ
ਕਾਲਜ ਦੇ ਵਿਦਿਆਰਥੀ




ਸਫਾਈ ਮੁਹਿੰਮ ਦੌਰਾਨ ਸਫਾਈ ਕਰਦੇ ਹੋਏ ਵਿਦਿਆਰਥੀ




ਸ੍ਰ. ਬਲਜੀਤ ਸਿੰਘ ਅਕਲੀਆ ਨੂੰ ਸਮਾਨਿਤ ਕਰਦੇ ਹੋਏ




ਨਸ਼ਿਆਂ ਵਿਰੁੱਧ ਰੈਲੀ ਕਰਦੇ ਹੋਏ
ਮਾਈ ਭਾਗੋ ਕਾਲਜ ਆਫ ਐਜੂਕੇਸ਼ਨ ਦੇ ਵਿਦਿਆਰਥੀ




ਬੈਸਟ ਵਲੰਟੀਅਰ ਸਤਵੀਰ ਕੌਰ ਨੂੰ ਸਨਮਾਨਿਤ ਕਰਦੇ ਹੋਏ
ਸਟਾਫ ਅਤੇ ਪ੍ਰਬੰਧਕੀ ਟੀਮ

# ਕਾਲਜ ਗਤੀਵਿਧੀਆਂ




ਸਕਾਲਰਸ਼ਿਪ ਟੈਸਟ 2024 ਦੌਰਾਨ ਪੁਜੀਸ਼ਨ ਹਾਸਿਲ ਕਰਨ ਵਾਲੀ ਵਿਦਿਆਰਥਣ ਨੂੰ ਸਨਮਾਨਿਤ ਕਰਦੇ ਹੋਏ ਪ੍ਰਬੰਧਕ ਅਤੇ ਪ੍ਰਿੰਸੀਪਲ




ਖੇਤਰੀ ਯੁਵਕ ਮੇਲੇ ਦੌਰਾਨ ਸੱਭਿਆਚਾਰਕ ਪੇਸ਼ਕਾਰੀ ਦਿੰਦੇ ਹੋਏ ਵਿਦਿਆਰਥੀ




ਵਿਦਿਅਕ ਟੂਰ ਦੌਰਾਨ ਯਾਦਗਾਰੀ ਤਸਵੀਰ




ਤੀਆਂ ਤੀਜ ਦੀਆਂ ਦੌਰਾਨ ਮਿਸ ਤੀਜ ਨੂੰ ਸਨਮਾਨਿਤ ਕਰਦੇ ਹੋਏ



ਕੌਮਾਂਤਰੀ ਮਾਤ ਭਾਸ਼ਾ ਦਿਵਸ ਮੌਕੇ ਮਾਂ ਬੋਲੀ ਪੰਜਾਬੀ ਪ੍ਰਤੀ ਸੁਹਿਰਦ ਸੁਨੇਹਾ ਦਿੰਦੇ ਹੋਏ ਵਿਦਿਆਰਥੀ



ਲੋਹੜੀ ਦਾ ਤਿਉਹਾਰ ਮਨਾਉਂਦੇ ਸਮੇਂ ਮੈਨੇਜਮੈਂਟ, ਸਮੂਹ ਸਟਾਫ ਅਤੇ ਵਿਦਿਆਰਥੀ






GOVERNMENT OF INDIA
NATIONAL VIGILANCE DAY
MANSA






DISTRICT LEVEL YUVA
RALLA


AGO GROUP OF INSTITUTES, RALL
ਮਾਈ ਭਾਗੋ ਡਿਗਰੀ ਕਾਲਜ, ਰੱਲਾ (ਮਾਨਸਾ)
ਦੇ ਪੰਜਾਬੀ ਵਿਭਾਗ ਦੁਆਰਾ
ਡਾ. ਸੇਵਕ ਸਿੰਘ ਦੁਆਰਾ ਲਿਖੀ ਪੁਸਤਕ


AGO GROUP OF INSTITUTES, RALLA
ਮਾਈ ਭਾਗੋ ਗਰੁੱਪ ਆਫ਼ ਇੰਸਟੀਚਿਊਟਸ, ਰੱਲਾ (ਮਾਨਸਾ)
ਰੂ-ਬ-ਰੂ ਪ੍ਰੋਗਰਾਮ
ਵਿਚਾਰ ਚਰਚਾ-ਪ੍ਰਵਾਸ ਅਤੇ ਰਾਜਨੀਤੀ

# ਸੰਸਥਾ ਦੀਆਂ ਪ੍ਰਮੁੱਖ ਸੁਰਖੀਆਂ

## ਸਾਇੰਸ ਨੇ ਹਰੇਕ ਖੇਤਰ 'ਚ ਬਹੁਤ ਕੁਝ ਨਵਾਂ ਸਿਰਜਿਆ ਹੈ : ਡਾ. ਬਲਵਿੰਦਰ ਬਰਾੜ

ਜੋਗਾ 2 ਮਾਰਚ (ਗੋਪਾਲ)-ਮਾਈ ਭਾਗੋ ਸੰਸਥਾ ਰੱਲਾ ਵਿਖੇ ਕੋਆਰਡੀਨੇਟਰ ਸੁਭਾਸ਼ ਚੰਦਰ ਜੀ ਦੀ ਰਹਿਨੁਮਾਈ ਹੇਠ ਰਾਸ਼ਟਰੀ ਸਾਇੰਸ ਦਿਵਸ ਮੌਕੇ ਸੈਮੀਨਾਰ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਡਿਗਰੀ ਤੇ ਐਜੂਕੇਸ਼ਨ ਕਾਲਜ ਦੇ ਸਾਇੰਸ ਵਿਭਾਗ ਦੇ ਵਿਦਿਆਰਥੀਆਂ ਨੇ ਵਧ ਚੜ੍ਹ ਕੇ ਹਿੱਸਾ ਲਿਆ।

ਸੈਮੀਨਾਰ ਦੌਰਾਨ ਸਾਇੰਸ ਵਿਭਾਗ ਦੇ ਸਹਾਇਕ ਪ੍ਰੋਫੈਸਰ ਹਰਸ਼ ਰਾਣੀ, ਪਾਰੁਲ ਗੁਪਤਾ, ਕਮਲਪ੍ਰੀਤ ਕੌਰ, ਪਰਮਜੀਤ ਕੌਰ ਅਤੇ ਕੁਲਦੀਪ ਕੌਰ ਦੀ ਅਗਵਾਈ 'ਚ ਵਿਦਿਆਰਥੀਆਂ ਨੇ ਵੱਖ-ਵੱਖ ਮਾਡਲਾਂ ਦੁਆਰਾ ਪ੍ਰਯੋਗਾਂ ਦਾ ਬਿਹਤਰੀਨ ਪ੍ਰਦਰਸ਼ਨ ਕੀਤਾ ਅਤੇ ਵਿਗਿਆਨ ਦੀਆਂ ਵਿਲੱਖਣ ਖੋਜਾਂ ਅਤੇ ਉਨ੍ਹਾਂ ਦੇ ਮਹੱਤਵ ਸਬੰਧੀ ਵਿਚਾਰ ਪੇਸ਼ ਕੀਤੇ।


ਰਾਸ਼ਟਰੀ ਸਾਇੰਸ ਦਿਵਸ ਮਨਾਉਣ ਸਮੇਂ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਬੁਲਾਰੇ। (ਗੋਪਾਲ)

ਸੈਮੀਨਾਰ ਦੌਰਾਨ ਕੀਤੇ ਗਏ ਪ੍ਰਯੋਗੀ ਪ੍ਰਦਰਸ਼ਨ 'ਚ 'ਵੇਕ ਬਲੇਡ', 'ਟਾਈਂਡਲ ਇਫੈਕਟ', 'ਮਿਊਚਲ ਇੰਡਕਸ਼ਨ' ਅਤੇ ਹੋਰ ਪ੍ਰਯੋਗ ਸ਼ਾਮਲ ਸਨ, ਜੋ ਬਹੁਤ ਹੀ ਨਿਵੇਕਲੇ ਅਤੇ ਜਾਣਕਾਰੀ ਭਰਪੂਰ ਸਨ। ਇਸ ਮੌਕੇ ਸੰਸਥਾ ਦੇ ਕੋਆਰਡੀਨੇਟਰ ਸੁਭਾਸ਼ ਚੰਦਰ ਜੀ ਨੇ ਸੰਬੋਧਨ ਕਰਦਿਆਂ ਸਾਇੰਸ ਵਿਸ਼ੇ ਦੇ ਮਹੱਤਵ ਬਾਰੇ ਵਿਸਥਾਰਿਤ ਰੂਪ ਵਿਚ ਵਿਚਾਰ ਸਾਂਝੇ ਕੀਤੇ। ਉਨ੍ਹਾਂ ਕਿਹਾ ਕਿ ਸਾਇੰਸ ਵਿਸ਼ੇ ਦੇ ਵਿਦਿਆਰਥੀਆਂ ਨੂੰ ਪ੍ਰੈਕਟੀਕਲ ਪ੍ਰਯੋਗਾਂ ਤੇ ਧਿਆਨ ਕੇਂਦਰਿਤ ਕਰਨਾ ਚਾਹੀਦਾ ਹੈ ਅਤੇ ਵਿਗਿਆਨਕ ਦ੍ਰਿਸ਼ਟੀਕੋਣ ਅਪਣਾਉਂਦੇ ਹੋਏ ਇਸ ਦਿਸ਼ਾ ਵੱਲ ਸਿੱਦਤ ਅਤੇ ਲਗਨ ਨਾਲ ਮਿਹਨਤ ਕਰਨੀ ਚਾਹੀਦੀ ਹੈ।

ਇਸ ਮੌਕੇ 'ਤੇ ਸੰਸਥਾ ਦੇ ਚੇਅਰਮੈਨ ਡਾ. ਬਲਵਿੰਦਰ ਸਿੰਘ ਬਰਾੜ ਨੇ ਸੰਬੋਧਨ ਕਰਦਿਆਂ ਕਿਹਾ ਕਿ ਸੰਸਾਰ ਪੱਧਰ ਆਧੁਨਿਕੀਕਰਨ ਦੇ ਸੰਕਲਪ ਤਹਿਤ ਸਾਇੰਸ ਨੇ ਹਰੇਕ ਖੇਤਰ ਬਹੁਤ ਕੁੱਝ ਨਵਾਂ ਸਿਰਜਿਆ ਹੈ, ਜਿਸ ਵਿਚ ਸਿਹਤ ਸਹੂਲਤਾਂ ਤੋਂ ਇਲਾਵਾ ਵਿਵਹਾਰਿਕ ਜ਼ਿੰਦਗੀ ਨੂੰ ਸੁਖਾਲਾ ਬਣਾਉਣ ਲਈ ਅਨੇਕਾਂ ਚੀਜ਼ਾਂ ਸ਼ਾਮਲ ਹਨ ਪਰ ਵਿਦਿਆਰਥੀਆਂ ਅੰਦਰ ਸਾਇੰਸ ਵਰਗੇ ਵਿਸ਼ੇ ਦੀ ਸਹੀ ਸਮਝ ਪੈਦਾ ਕਰਨਾ ਅਤੇ ਇਸ ਦੀ ਸਮਾਜਿਕ ਭਲਾਈ ਲਈ ਵਰਤੋਂ ਕਰਨ ਦੀ ਸੋਝੀ ਪੈਦਾ ਕਰਨਾ ਸਮੇਂ ਦੀ ਮੁੱਖ ਲੋੜ ਹੈ ਤਾਂ ਕਿ ਵਿਗਿਆਨ ਦੁਆਰਾ ਪ੍ਰਭਾਵਿਤ ਪੱਖਾਂ ਦੀ ਸਾਰਥਿਕਤਾ ਦਾ ਵਿਕਾਸ ਕੀਤਾ ਜਾ ਸਕੇ।

ਇਸ ਮੌਕੇ ਸਮੂਹ ਮੈਨੇਜਮੈਂਟ ਚੇਅਰਮੈਨ ਡਾ. ਬਲਵਿੰਦਰ ਸਿੰਘ ਬਰਾੜ, ਮੈਨੇਜਿੰਗ ਡਾਇਰੈਕਟਰ ਕੁਲਦੀਪ ਸਿੰਘ ਖਿਆਲਾ, ਸਕੱਤਰ ਮਨਜੀਤ ਸਿੰਘ ਖਿਆਲਾ ਅਤੇ ਆਫਿਸ ਐਡਮਨਿਸਟਰੇਟਰ ਮੈਡਮ ਲਵਪ੍ਰੀਤ ਕੌਰ ਨੇ ਸਾਂਝੇ ਰੂਪ ਵਿਚ ਵਿਦਿਆਰਥੀਆਂ ਨੂੰ ਰਾਸ਼ਟਰੀ ਸਾਇੰਸ ਦਿਵਸ ਦੀ ਵਧਾਈ ਦਿੱਤੀ ਅਤੇ ਭਵਿੱਖ ਵਿਚ ਅਜਿਹੇ ਜਾਣਕਾਰੀ ਭਰਪੂਰ ਪ੍ਰੋਗਰਾਮ ਉਲੀਕਣ ਲਈ ਵਚਨਬੱਧਤਾ ਪ੍ਰਗਟਾਈ। ਇਸ ਮੌਕੇ ਸਮੂਹ ਅਧਿਆਪਕ ਸਹਿਬਾਨ ਅਤੇ ਵਿਦਿਆਰਥੀ ਸ਼ਾਮਲ ਸਨ।

## ਮਾਂ ਬੋਲੀ ਦਿਵਸ 'ਤੇ ਸੈਮੀਨਾਰ ਕਰਵਾਇਆ



## ਮਾਈ ਭਾਗੋ ਕਾਲਜ ਆਫ਼ ਐਜੂਕੇਸ਼ਨ ਰੱਲਾ ਦੀ ਵਿਦਿਆਰਥਣ ਰਾਜਵੀਰ ਕੌਰ ਨੇ ਮੌਕੇ ਤੇ ਚਿੱਤਰਕਾਰੀ 'ਚੋਂ ਪਹਿਲਾ ਸਥਾਨ ਹਾਸਲ ਕੀਤਾ

ਪੰਜਾਬ ਟਾਈਮਜ਼ | ਵਿਸ਼ੇਸ਼



## ਮਾਈ ਭਾਗੋ ਸੰਸਥਾ ਰੱਲਾ 'ਚ ਅਥਲੈਟਿਕਸ ਮੀਟ ਕਰਵਾਈ


ਜੇਤੂ ਖਿਡਾਰੀਆਂ ਨੂੰ ਸਨਮਾਨਿਤ ਕਰਦੇ ਹੋਏ ਪ੍ਰਬੰਧਕ।

## ਮਾਈ ਭਾਗੋ ਸੰਸਥਾ ਰੱਲਾ ਵਿਖੇ 'ਨਾਰੀਵਾਦੀ ਵਿਚਾਰਧਾਰਾ ਦੀ ਮੌਜੂਦਾ ਸਥਿਤੀ' ਸਬੰਧੀ ਸੈਮੀਨਾਰ ਆਯੋਜਿਤ ਕੀਤਾ ਗਿਆ



ਪੰਜਾਬ ਟਾਈਮਜ਼ | ਵਿਸ਼ੇਸ਼

## ਮਾਈ ਭਾਗੋ ਡਿਗਰੀ ਕਾਲਜ ਰੱਲਾ ਦਾ ਐਮ.ਏ. ਪੰਜਾਬੀ ਸਮੈਸਟਰ ਦੂਜਾ ਦਾ ਨਤੀਜਾ ਰਿਹਾ ਸ਼ਾਨਦਾਰ

ਪੰਜਾਬ ਟਾਈਮਜ਼ | ਵਿਸ਼ੇਸ਼



## ਮਾਈ ਭਾਗੋ ਸੰਸਥਾ ਦੇ ਵਿਦਿਆਰਥੀਆਂ ਨੇ ਵਿੱਦਿਅਕ ਟੂਰ ਲਾਇਆ


ਟੂਰ ਦੌਰਾਨ ਵਿਦਿਆਰਥੀ ਸਟਾਫ ਨਾਲ। (ਗੋਪਾਲ)

ਜੋਗਾ, 26 ਦਸੰਬਰ (ਗੋਪਾਲ)-ਮਾਈ ਭਾਗੋ ਸੀਨੀਅਰ ਸੈਕੰਡਰੀ ਸਕੂਲ, ਰੱਲਾ ਅਤੇ ਐਮ. ਬੀ. ਇੰਟਰਨੈਸ਼ਨਲ ਸਕੂਲ ਰੱਲਾ ਦਾ ਵਿੱਦਿਅਕ ਟੂਰ ਪ੍ਰਿੰਸੀਪਲ ਸਵਿਤਾ ਕਾਠ ਦੀ ਅਗਵਾਈ ਤਹਿਤ ਲਗਾਇਆ ਗਿਆ। ਇਸ ਮੌਕੇ ਜਾਣਕਾਰੀ ਦਿੰਦਿਆਂ ਪ੍ਰਿੰਸੀਪਲ ਸਵਿਤਾ ਕਾਠ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਵਿੱਦਿਅਕ ਟੂਰ ਦੌਰਾਨ ਵਿਦਿਆਰਥੀਆਂ ਨੂੰ ਜੈਪੁਰ ਦੀਆਂ ਇਤਿਹਾਸਕ ਥਾਵਾਂ 'ਤੇ ਲਿਜਾਇਆ ਗਿਆ।

ਉਨ੍ਹਾਂ ਦੱਸਿਆ ਕਿ ਵਿਦਿਆਰਥੀਆਂ ਨੇ ਜੈਪੁਰ ਵਿਖੇ ਨਾਹਰਗੜ੍ਹ ਕਿਲ੍ਹਾ, ਆਮੇਰ ਕਿਲ੍ਹਾ, ਜੰਤਰ-ਮੰਤਰ, ਹਵਾ ਮਹਿਲ, ਜਲ ਮਹਿਲ, ਤਾਜ ਮਹਿਲ, ਐਲਬਰਟ ਮਿਊਜ਼ੀਅਮ ਅਤੇ ਬਾਪੂ ਬਜ਼ਾਰ ਵਰਗੀਆਂ ਮਸ਼ਹੂਰ ਥਾਵਾਂ ਦਿਖਾਇਆਂ ਗਈਆਂ। ਇਸ ਮੌਕੇ ਵਿਦਿਆਰਥੀਆਂ ਨੂੰ ਇਨ੍ਹਾਂ ਇਤਿਹਾਸਕ ਸਥਾਨ ਨਾਲ ਜੁੜੇ ਪੁਰਾਤਨ ਇਤਿਹਾਸ ਬਾਰੇ ਚਾਨਣਾ ਪਾਇਆ।

ਜੈਪੁਰ ਦੀਆਂ ਇਹ ਵਿਲੱਖਣ ਥਾਵਾਂ ਵਿਦਿਆਰਥੀਆਂ ਤੇ ਅਧਿਆਪਕਾਂ ਲਈ ਖਿੱਚ ਦਾ ਕੇਂਦਰ ਬਣੀਆਂ। ਪ੍ਰਿੰਸੀਪਲ ਸਵਿਤਾ ਕਾਠ ਨੇ ਕਿਹਾ ਕਿ ਵਿੱਦਿਅਕ ਟੂਰਾਂ ਦਾ ਮੁੱਖ ਮਕਸਦ ਵਿਦਿਆਰਥੀਆਂ ਨੂੰ ਇਤਿਹਾਸਕ ਥਾਵਾਂ ਤੋਂ ਜਾਣੂ ਕਰਵਾਉਣਾ। ਇਸ ਮੌਕੇ ਸੰਸਥਾ ਦੇ ਚੇਅਰਮੈਨ ਡਾ. ਬਲਵਿੰਦਰ ਸਿੰਘ ਬਰਾੜ, ਮੈਨੇਜਿੰਗ ਡਾਇਰੈਕਟਰ ਕੁਲਦੀਪ ਸਿੰਘ ਖਿਆਲਾ, ਸਕੱਤਰ ਮਨਜੀਤ ਸਿੰਘ ਖਿਆਲਾ, ਉਪ-ਚੇਅਰਮੈਨ ਪਰਮਜੀਤ ਸਿੰਘ ਬੁਰਜ ਹਰੀ ਅਤੇ ਆਫਿਸ ਐਡਮਨਿਸਟਰੇਟਰ ਮੈਡਮ ਲਵਪ੍ਰੀਤ ਕੌਰ ਨੇ ਇਸ ਵਿੱਦਿਅਕ ਟੂਰ ਦੀ ਸ਼ਲਾਘਾ ਕੀਤੀ। ਟੂਰ ਦੌਰਾਨ ਵਿਦਿਆਰਥੀਆਂ ਦੀ ਜ਼ਿੰਮੇਵਾਰੀ ਮੈਡਮ ਅਕਵਦੀਪ ਕੌਰ, ਪਿੰਦਰਪਾਲ ਕੌਰ, ਕਮਲਪ੍ਰੀਤ ਕੌਰ ਅਤੇ ਸੁਖਦੀਪ ਸਿੰਘ ਨੇ ਬਾਖ਼ੂਬੀ ਨਿਭਾਈ। ਇਸ ਮੌਕੇ ਪ੍ਰਿੰਸੀਪਲ, ਸਮੂਹ ਸਟਾਫ ਅਤੇ ਵਿਦਿਆਰਥੀ ਹਾਜ਼ਰ ਸਨ।

## ਮਾਈ ਭਾਗੋ ਸੀਨੀਅਰ ਸੈਕੰਡਰੀ ਸਕੂਲ ਰੱਲਾ ਵਿਖੇ ਸਾਲਾਨਾ ਐਥਲੈਟਿਕਸ ਮੀਟ ਦਾ ਆਯੋਜਨ ਕੀਤਾ

ਪੰਜਾਬ ਟਾਈਮਜ਼ | ਵਿਸ਼ੇਸ਼



## ਵਿਦਿਆਰਥੀਆਂ ਨੇ ਹੱਥੀਂ ਤਿਆਰ ਕੀਤੀਆਂ ਵਸਤਾਂ ਦੀਆਂ ਸਟਾਲਾਂ ਲਗਾਈਆਂ


ਪ੍ਰੋਗਰਾਮ ਦੌਰਾਨ ਵਿਦਿਆਰਥੀ ਤੇ ਸਟਾਫ। (ਗੋਪਾਲ)

ਅਤੇ ਵਿਦਿਆਰਥੀਆਂ ਦੀ ਹੌਸਲਾ ਅਫਜ਼ਾਈ ਕੀਤੀ। ਵਿਦਿਆਰਥੀਆਂ ਨੇ ਖਾਣ ਪੀਣ ਵਾਲੀਆਂ ਵਸਤਾਂ ਦਾ ਅਨੰਦ ਮਾਣਨ ਤੋਂ ਇਲਾਵਾ ਕਿਤਾਬਾਂ ਤੇ ਹੱਥੀ ਤਿਆਰ ਤਸਵੀਰਾਂ ਖਰੀਦਣ ਵਿਚ ਵੀ ਖੂਬ ਦਿਲਚਸਪੀ ਦਿਖਾਈ।

## ਨਹਿਰੂ ਯੁਵਾ ਕੇਂਦਰ ਮਾਨਸਾ ਅਤੇ ਮਾਈ ਭਾਗੋ ਡਿਗਰੀ ਅਤੇ ਐਜੂਕੇਸ਼ਨ ਕਾਲਜ ਰੱਲਾ (ਮਾਨਸਾ) ਵੱਲੋਂ ਜਿਲਾ ਪੱਧਰੀ ਯੁਵਾ ਉਤਸਵ ਦਾ ਆਯੋਜਨ



ਸਾਂਝੀ ਖ਼ਬਰ

## ਮਾਈ ਭਾਗੋ ਡਿਗਰੀ ਕਾਲਜ ਦਾ ਨਤੀਜਾ ਰਿਹਾ ਸ਼ਾਨਦਾਰ

- ਵਿਦਿਆਰਥਣ ਹਰਪ੍ਰੀਤ ਕੌਰ ਨੇ ਹਾਸਲ ਕੀਤਾ ਪਹਿਲਾ ਸਥਾਨ
- ਅਰਸ਼ਦੀਪ ਸਿੰਘ ਤੇ ਰਮਨਜੀਤ ਕੌਰ ਨੇ ਮਾਰੀਆਂ ਮੱਲਾਂ



ਅੱਵਲ ਆਉਣ ਵਾਲੇ ਵਿਦਿਆਰਥੀਆਂ ਦੀਆਂ ਤਸਵੀਰਾਂ।

## ਮਾਈ ਭਾਗੋ ਸੰਸਥਾ ਰੱਲਾ ਦਾ ਐਨ. ਐਸ. ਐਸ ਕੈਂਪ ਯਾਦਗਾਰੀ ਹੋ ਨਿੱਬੜਿਆ



ਪੰਜਾਬ ਟਾਈਮਜ਼ | ਖ਼ਬਰ

## ਮਾਈ ਭਾਗੋ ਸੰਸਥਾ ਰੱਲਾ ਵਿਖੇ ਸੱਤ ਰੋਜ਼ਾ ਐਨ. ਐਸ.ਐਸ. ਕੈਂਪ ਦਾ ਅਗਾਜ਼



ਪੰਜਾਬ ਟਾਈਮਜ਼ | ਵਿਸ਼ੇਸ਼

# ਵੱਡਮੁੱਲੇ ਵਿਚਾਰ

[illegible]

3/11

Today I had visited
Mai Bhago College Grp of Institutions
as a part of Vigilance Awareness
week. I was humbled with
the support of college faculty
and interaction with bright
young students. Wishing the
college faculty and students
all the best for their
future endeavors. Regards

3/11/22

ਮੈਂ ਅੱਜ ਇਸ ਕਾਲਜ ਵਿਚ
ਐਨ ਐਸ ਐਸ ਕੈਂਪ ਦੇ ਤੌਰ
ਦੂਸਰੀ ਵਾਰ ਵਿਦਿਆਰਥੀਆਂ ਦੇ
ਰੂਬਰੂ ਹੋਇਆ ਹਾਂ।
ਮੈਨੂੰ ਅੱਤਾਂ ਦੀ ਖ਼ੁਸ਼ੀ ਹੋਈ ਹੈ
ਕਿ ਕੈਂਪ ਦੌਰਾਨ, ਵਲੰਟੀਅਰਾਂ ਅਤੇ
ਵਿਦਿਆਰਥੀਆਂ ਨੇ ਮੇਰੀਆਂ
ਗੱਲਾਂ ਬਾਤਾਂ ਨੇ ਮੇਰੇ ਗੀਤ, ਨਜ਼ਮਾਂ ਨੇ
ਬੜੇ ਮੋਹ ਅਤੇ ਸ਼ਾਂਤੀ ਨਾਲ
[illegible]। ਮੈਨੂੰ
ਇਥੇ ਪੂਰੇ ਸਟਾਫ਼ ਵਲੋਂ
ਬਹੁਤ ਪਿਆਰ ਮਿਲਿਆ ਹੈ
ਏਨੀ ਪਿਆਰੀ ਸੰਸਥਾ
ਲਈ ਮੇਰੇ ਵਲੋਂ ਸ਼ੁਭ ਕਾਮਨਾਵਾਂ

[illegible]
(ਕਵੀ)
98728-23110

[illegible]

ਹਰਪਾਲ ਸਿੰਘ ਪੰਨੂ
E-mail - harpalsinghpannu@gmail.com
Tel. -

Best wishes to the
institute for all
future endeavours. -x-

10/5/22

Had a wonderful visit to
Mai Bhago College. Best
wishes to students and
administrative staff for
their future endeavours.

10/5/22

[illegible] (31/2/22)
[illegible]

21/2/22

[illegible] ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ
ਯੂਨੀਵਰਸਿਟੀ, ਫ਼ਤਿਹਗੜ੍ਹ, ਸਾਹਿਬ

[illegible]

ਪੰਜਾਬੀ ਯੂਨੀਵਰਸਿਟੀ ਪਟਿਆਲਾ

13.04.22
ਤੇਜਿੰਦਰ ਕੌਰ (ਜ਼ਿਲ੍ਹਾ ਭਾਸ਼ਾ ਅਫ਼ਸਰ) ਮਾਨਸਾ
ਮਾਈ ਭਾਗੋ ਡਿਗਰੀ ਕਾਲਜ ਰੱਲਾ ਦੇ
[illegible]
E-mail - Tel. -
Birthday - Anniversary -
13/04/22

ਮਾਈ ਭਾਗੋ ਡਿਗਰੀ ਕਾਲਜ
[illegible]
ਸੁਖਵਿੰਦਰ ਸਿੰਘ

# Mai Bhago Sr. Sec. School

**+1 & +2 Arts, Commerce, Science**
**(Medical & Non Medical)**

# MAI BHAGO DEGREE COLLEGE

**B.A.** ALL SUBJECTS

**M.A.** PUNJABI, HINDI, EDUCATION

**B. Sc.** Medical, Non-Medical

**BCA**

**M.Sc. (IT)**

**M.Sc. (IT)** Lateral Entry

**PGDCA**

# MAI BHAGO COLLEGE OF EDUCATION

# B.Ed.

## Course Under Distance Education Mode

Affiliated to Jagat Guru Nanak Dev State Open University, Patiala

ਅੰਤਰ-ਰਾਸ਼ਟਰੀ ਸਵੀਕਾਰਤ +2 ਤੋਂ ਬਾਅਦ ਸ਼ਾਰਟ ਟਰਮ ਕੀਤਾ ਮੁੱਖੀ ਸਰਟੀਫਿਕੇਟ ਕੋਰਸ

- Certificate in Nanny Care
- Certificate in Food Processing & Preservation
- Certificate in Office Automation & E-Governance
- Certificate in Software Development & Programming
- Certificate in Creativity & Innovation in School Education

Follow us on:

& Mai Bhago Group of Institutes, Ralla (Mansa)    mai_bhago_institute_ralla

**College : 97158-00006, 98155-80411**
**School : 97159-00006, 99141-64164**
**e-mail : mbceralla@gmail.com**
**website : www.mbdcralla.in**

Tiger Sunam 98144-24127